Digitized by Panjab Digital Library | www.panjabdigilib.org

Digitized by Panjab Digital Library | www.panjabdigilib.org

169675

ਸਭ ਹੱਕ ਰਾਖਵੇਂ ਹਨ, ਬਿਨਾਂ ਆਗਿਆ ਕੋਈ ਨਾ ਛਾਪੇ

## ਦਰੋਣਾ ਪਰਬ ਵਿਚੋਂ

# ਚੱਕਰ ਬਿਊ ਦਾ ਕਿਲ੍ਹਾ

ਤੇ

# ਅਰਜਨ ਪਰੰਤਿਗਿਆ



ਕ੍ਰਿਤ ਕਵਿ—ਕਰਤਾਰ ਸਿੰਘ ਜੋਰਾ ਰਾਮ ਮਾਲਾ ਘਰਾਂਚੋਂ ਨਿਵਾਸੀ

ਭਾਈ ਜੋਧ ਸਿੰਘ ਕਰਮਜੀਤ ਸਿੰਘ
ਪੁਸਤਕਾਂ ਵਾਲੇ, ਅਦਾਲਤ ਬਜ਼ਾਰ, ਪਟਿਆਲਾ

ਮੁਲ ੭੫ ਨਵੇਂ ਪੈਸੇ

DEPARTMENT OF LANGUAGES
BOOK
PUNJAB, PATIALA

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16967-G

੧ ਓ ਸਤਿਗੁਰ ਪ੍ਰਸਾਦਿ ॥

# ਕਿਲ੍ਹਾ ਚੱਕਰ ਬਿਊ ਦਾ

ਕ੍ਰਿਤ ਕਵੀ—ਕਰਤਾਰ ਸਿੰਘ ਤੇ ਜੋਗਾ ਰਾਮ ਜੀ
ਮਾਲਾ ਘਰਾਂਚੋਂ ਨਿਵਾਸੀ, ਡਾਕਖਾਨਾ ਖਾਸ ਘਰਾਂਚੋਂ

ਪ੍ਰਕਾਸ਼ਕ—ਭਾਈ ਜੋਧ ਸਿੰਘ ਕਰਮਜੀਤ ਸਿੰਘ ਪੁਸਤਕਾਂ ਵਾਲੇ
ਅਦਾਲਤ ਬਜ਼ਾਰ, ਪਟਿਆਲਾ

ਦੋਹਰਾ ॥ ਆਦ ਗਨੇਸ ਸਰੇਸ ਜੀ ਬਰਮਾ ਬਿਛਨ ਮਹੇਸ ॥
ਬਿਗਨ ਹਰੋ ਸਿਰ ਹੱਥ ਧਰੋ ਕੱਟੋ ਸਰਬ ਕਲੇਸ ॥
ਦੋਹਰਾ ॥ ਗਾਥਾ ਦਰੋਣਾ ਪ੍ਰਬ ਦੀ ਸੁਣੋ ਸਵੀ ਚਿਤ ਲਾਏ ॥
ਸਾਰਦ ਮਾਤਾ ਅੰਬਕਾ ਕਬਤਾ ਪੂਰ ਝੜਾਏ ॥

ਬੈਂਤ—ਓਅੰਕਾਰ ਦਾ ਰੂਪ ਤੂੰ ਆਦ ਸੱਗਤੀ ਤੂੰ ਹੀ ਦਾਸ ਦੇ ਕਛਟ ਮਟੌਣ ਬਾਲੀ। ਸੋਰਣ ਤਾਜ ਬਰਾਜ ਦਾ ਸੀਸ ਉਤੇ ਗੱਲ ਫੁਲਾਂ ਦੇ ਹਾਰ ਹੰਡੌਣ ਬਾਲੀ। ਭੂਰੇ ਛੇਰ ਤੇ ਆਪ ਅਸਵਾਰ ਹੋ ਕੇ ਹੱਥ ਤੇਗ ਤਰਸੂਲ ਉਠੌਣ ਬਾਲੀ। ਕਾਲ ਭੈਰਵ ਜੀ ਆਪਕੇ ਰਹਿਣ ਮੂਰੇ ਹਨੂੰਮਾਨ ਕੋ ਪੈਰੇ ਤੇ ਲੌਣ ਬਾਲੀ। ਪਾਨ ਫੂਲ ਪਤਾਸੇ ਮੈਂ ਕਰਾਂ ਭੇਟਾ ਲੌਂਗ ਲਾਚੀਆਂ ਗਿਰੀ ਮੁਖ ਪੌਣ ਬਾਲੀ। ਕਰੋ ਮੇਹਰ ਦੀ ਨਜਰ ਗਰੀਬ ਉਤੇ ਭੱਬਸਾਗਰੋਂ ਪਾਰ ਲਖੌਣ ਬਾਲੀ। ਅੱਸੂ ਚੇਤ ਤੇ ਸੌਣ ਤੇ ਔਣ ਚਾਲੇ ਤੀਨ ਲੋਕ ਮੇਂ ਜੋਤ ਜਗੌਣ ਬਾਲੀ। ਬਾਣੀ ਕੰਠ ਅਬਾਜ ਸੁਰ ਤਾਲ ਬਖਸੋ ਤੂੰ ਹੀ ਦੰਗਲ ਮੇਂ ਫਤੇ ਦਵੌਣ ਬਾਲੀ। [illegible] ਮੇ ਜੋਤ ਤੇਰੀ ਰਾਬਣ ਜਿਹਾਂ ਦਾ ਬੰਸ ਖਪੌਣ ਬਾਲੀ। ਚੱਕਰ ਬਿਊ ਦਾ ਕਿਲ੍ਹਾ ਤਿਆਰ ਬਣਜੇ ਤੂੰ ਹੀ ਗਰੰਥ ਨੂੰ ਪੂਰ ਝੜਣ ਬਾਲੀ। ਸਾਨੂੰ ਦੰਗਲ ਮੇ ਆਣ ਜੋ ਮੜਕ ਕਰਦਾ

Digitized by Panjab Digital Library | www.panjabdigilib.org

ਐਸੇ ਪੁਰਸਾਂ ਕੋ ਨਫ਼ਟ ਬਣੌਣ ਬਾਲੀ । ਕਰਤਾਰ ਸਿੰਘ ਕਵੀਸਰ ਤੇ ਮੇਹਰ ਕਰਨੀ ਜੋਰਾ ਰਾਮ ਕੋ ਫਤੇ ਦਵੌਣ ਬਾਲੀ ॥

ਕਿੱਸਾ ਸ਼ੁਰੂ ॥

ਦੋਹਰਾ ॥ ਦਰਜੋਧਨ ਨੇ ਸੱਦ ਲੇ ਗੁਰੂ ਦਰੋਣਾ ਪਾਸ ॥
ਕਿਸ ਬਿਦ ਪਾਂਡੋ ਮਰਨਗੇ ਕਹੇ ਗੁਰੂ ਇਤਹਾਸ ॥

ਕਬਿਤ ॥ ਕਹੇ ਦਰਜੋਧਨ ਸੁਣਾਵੇ ਗੁਰੂ ਚਾਰਜ ਨੂੰ ਕਿਸ ਬਿੱਦ ਪਾਂਡਵਾਂ ਨੂੰ ਮਾਰ ਕੇ ਮਕਾ ਦੀਏ । ਕਰਦੇ ਖਰਾਬੀ ਤੇ ਸਤਾਬੀ ਦਸੋ ਬਾਤ ਕੋਈ ਕਿਮੇਂ ਮਰ ਜਾਣ ਐਸੀ ਜੁਗਤ ਬਤਾਦੀਏ । ਤੁਸੀਂ ਹੋ ਸਿਆਣੇ ਤੇ ਸਿਆਣੇ ਓ ਸਮਝਦਾਰ ਕਰੋ ਕੋਈ ਢੰਗ ਰੰਗ ਪਾਂਡੋ ਨੂੰ ਦਖਾਦੀਏ । ਦਰੋਣੇ ਗੁਰੂ ਮੂਰੇ ਹੱਥ ਜੋੜੇ ਕਰਤਾਰ ਸਿੰਘਾ ਜੋਰਾ ਰਾਮ ਕਹੇ ਛੇਤੀ ਕਬਤਾ ਛਪਾਦੀਏ ॥

ਜਵਾਬ ਦਰੋਣਾਚਾਰਯ ਕਾ

ਕਬਿਤ ॥ ਜੋਧਨ ਨੂੰ ਆਖਦਾ ਦਰੋਣਾ ਜੀ ਬਚਨ ਬੋਲ ਅਰਜਨ ਦੇ ਹੁੰਦੇ ਤੁਸੀਂ ਕਦੇ ਜੁੱਧ ਕਰੋ ਨਾ । ਅਰਜਨ ਨਾ ਹੋਵੇ ਘਰ ਕਰਲੀ ਬਛਕ ਜੰਗ ਐਮੇ ਪੰਗੇ ਛੇੜ ਕੇ ਤੇ ਭਾਈ ਸਾਰੇ ਮਰੋ ਨਾ । ਭੀਮ ਤੇ ਨਕੁਲ ਸਹਿ ਦੇਵ ਭਮੇ ਕੋਲੇ ਹੋਣ ਓਨਾਂ ਚਾਰਾਂ ਕੋਲੋਂ ਕਦੇ ਜੰਗ ਵਿਚ ਹਰੋ ਨਾ । ਇਮਨਾ ਕੁਮਾਰ ਅਜੇ ਬਾਲ ਕਰਤਾਰ ਸਿੰਘਾ ਥੋੜਾ ਮੈਂ ਹਮੈਤੀ ਸ਼ੈਰ ਜੋਰਾ ਰਾਮਾ ਡਰੋ ਨਾ ॥

ਦੋਹਰਾ ॥ ਕਰਿਛਨ ਛਲੀਆ ਛੱਲ ਕਰੇ ਥੀ ਕੁਛ ਦਾਲ ਮੇਂ ਮੈਲ ।
ਅਰਜਨ ਦੇਵ ਕੋ ਆਖਦਾ ਚੱਲ ਕਰ ਆਈਏ ਫੈਲ ।

ਬੈਂਤ ॥ ਅਰਜਨ ਕ੍ਰਿਸ਼ਨ ਜੀ ਜਦੋਂ ਰਵਾਨ ਹੋਏ ਦੱਖਣ ਦਿਸਾ ਦੀ ਬਲ ਸਧਾਰ ਦੇ ਨੇ । ਪਤਾ ਲਗਿਆ ਪਾਪੀਆਂ ਕੈਰਮਾਂ ਨੂੰ ਕਠੇ ਹੋਇ ਕੇ ਕੈਰੋਂ ਬਚਾਰ ਦੇ ਨੇ । ਸੁਕਨੀ ਕਰਣ ਦੁਸਾਸਨ ਜੈਦ-ਰਥ ਬਰਗੇ ਭੀਸਮ ਗੁਰੂ ਦਰੋਣ ਉਚਾਰਦੇ ਨੇ । ਕ੍ਰਿਸ਼ਨ ਅਰਜਨ ਨਾ ਘਰੇ ਜਰੂਰ ਦੋਮੇ ਦਰਜੋਧਨ ਆਖਦਾ ਬਚਨ ਹੰਕਾਰਦੇ ਨੇ । ਐਸਾ

Digitized by Panjab Digital Library | www.panjabdigilib.org

ਟੈਮ ਏ ਕਦੇ ਨੀ ਲਭਣਾ ਹੈ ਹੁਣ ਕਾਸਤੋਂ ਢਿਲ ਗੁਜਾਰ ਦੇ ਨੇ। ਭੀਮ ਨਕੁਲ ਸੈ ਦੇਵ ਤੇ ਧਰਮ ਪੁਤਰ ਇਕ ਇਕ ਨਾ ਬਾਣ ਸਹਾਰ ਦੇ ਨੇ। ਬੈਰੀ ਗਾਹਕ ਨਾ ਖੁੰਜਿਆ ਹੱਥ ਆਵੇ ਸਿਆਣੇ ਲੋਕ ਏ ਸਚ ਪੁਕਾਰ ਦੇ ਨੇ। ਰੈ ਪਾਸ ਕੀਤੀ ਸਾਰੇ ਕੈਰਮਾਂ ਨੇ ਦਰੋਣਾ ਗੁਰੂ ਜੀ ਕਾਜ ਸੁਮਾਰ ਦੇ ਨੇ। ਗੁਰੂ ਚਾਰਜ ਦਰੋਣਾ ਦਲੀਲ ਮੱਥ ਕੇ ਚੱਕਰ ਬਿਓ ਦਾ ਕਿਲਾ ਉਸਾਰ ਦੇ ਨੇ। ਜੋਰਾ ਰਾਮ ਕਰਤਾਰ ਪੁਕਾਰ ਕੈਂਦੇ ਲਿਖਤ ਕਾਰ ਨੂੰ ਕੌਣ ਦਸ ਟਾਰਦੇ ਨੇ।

ਦੋਹਰਾ॥ ਰਚਦਾ ਗੁਰੂ ਦਰੋਣ ਜੀ ਕਿਲ੍ਹਾ ਬਹੌਤ ਕਮਾਲ।
ਬਿਸ਼ਨੂੰ ਇੰਦਰ ਪੁਰੀ ਤੇ ਦੀਆ ਨਮੂਨਾ ਢਾਲ।

ਬਿਗਟਾ ਛੰਦ॥ ਬਿਸਕਰਮਾਂ ਦਾ ਨਾਮ ਦਰੌਣਾ ਰਿਦੇ ਮਨਾਬਤ ਹੈ। ਹੈ ਸਭ ਕਾ ਓਸਤਾਜ ਕਾਜ ਘਰ ਜਿਕੋ ਬਣਾਵਤ ਹੈ। ਗਣਪਤ ਗੌਰੀ ਸੁਤ ਕਾ ਬੈਕੇ ਧਿਆਨ ਲਗੌਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ। ਨਓ ਦਰਵਾਜੇ ਸਾਤ ਡੂਡੀਆਂ ਨਿਆਰੀ ਨਿਆਰੀ ਜੀ। ਭਰਤੇ ਰੰਗ ਅਲਾਹੀ ਕੁਦਰਤ ਕਾਨ ਖਲਾਰੀ ਜੀ। ਝਾੜ ਫਲੂਸ ਲਗਾਤੇ ਸੋਣਾ ਰੰਗ ਸਜੋਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ। ਰੰਗ ਅਨੇਕਾਂ ਭਰਤੇ ਔਂਦਾ ਅੰਤ ਹਸਾਬ ਨਹੀਂ। ਪੂਰੀ ਕਰੀ ਸਜਾਬਟ ਦਿਸਦਾ ਕਿਤੋਂ ਖਰਾਬ ਨਹੀਂ। ਚਾਰ ਛਪੇਰਾ ਦੇਖਣ ਦੂਗਣਾ ਐਂ ਚਮਕੌਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ। ਰੋਸਨ ਦਾਨ ਅਲੈਦੇ ਪੌਣ ਝਰੋਖਿਆਂ ਮੇਂ ਲੰਘਦੀ। ਕਈ ਸੋਣੀਆਂ ਡਾਟਾਂ ਹੋਸ ਭੁਲਾ ਤੀ ਐ ਜੰਗ ਦੀ। ਜਾਲੀ ਕਰੇ ਕਮਾਲ ਜੋੜ ਕੇ ਨਾਲ ਜਚੌਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ। ਚੱਕਰ ਬਿਊ ਹੈ ਨਾਮ ਕਿਲ੍ਹੇ ਦਾ ਧਰੇ ਦਰੋਣਾ ਜੀ। ਸਭ ਤੋਂ ਚੱਕਰ ਬਰਤੀ ਐਸਾ ਹੋਰ ਨਾ ਹੋਣਾ ਜੀ। ਸਾਤ ਡੂਡੀਆਂ ਅਡੋ ਅਡੀ ਹੈ ਕਰਵੌਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ। ਜੋਰ ਕਿਲ੍ਹੇ ਤੇ ਗੁਰੂ ਦਰੋਣਾ-

Digitized by Panjab Digital Library | www.panjabdigilib.org

ਚਾਰਜ ਲਾ ਬੈ ਗਿਆ। ਕਹੇ ਕਰਤਾਰ ਕਵੀਸ਼ਰ ਝੰਡਾ ਸਿਖਰ ਝੁਲਾ ਬੈ ਗਿਆ। ਜੋਰਾ ਰਾਮ ਜੀ ਪਾਤੀ ਜੋਧਨ ਦੇਖ ਪਚੌਂਦਾ ਜੀ। ਮਾਤ ਮੰਦਰ ਸਭ ਕਰਤੇ ਐਸਾ ਕਿਲ੍ਹਾ ਬਣੌਂਦਾ ਜੀ।

ਦੋਹਰਾ॥ ਦਰਜੋਧਨ ਪਾਤ੍ਰੀ ਲਿਖੇ ਕੌੜੇ ਸੱਵੀ ਬਲਾਸ॥
ਕਿਲ੍ਹਾ ਤੋੜ ਦੋ ਆਣਕੇ ਰਚ ਦੀਆ ਹਮ ਖਾਸ॥

ਦਰਜੋਧਨ ਨੇ ਪਤਰਕਾ ਜੁਧਿਸਟਰ ਪਾਸ ਭੇਜਣੀ

ਕੋਰੜਾ॥ ਕਲਮ ਦਵਾਤ ਝਟ ਤਿਆਰ ਕਰਕੇ। ਹਰਫ ਹਰਫ ਬਿਚ ਬਿਖ ਭਰਕੇ। ਖੱਤ ਦਾ ਜਬਾਬ ਛੇਤੀ ਦੇਣਾ ਮੋੜਕੇ। ਕਿਲ੍ਹਾ ਚੱਕਰ ਬਿਊ ਦਾ ਦਖੌਣਾ ਤੋੜਕੇ। ਪਾਪੀ ਦੁਰਜੋਧਨ ਬਚਾਰੇ ਗਲ ਨਾ। ਦੂਣੇ ਫੱਟ ਖੋਲੇ ਜਿਕੋ ਸਕੇ ਝਲ ਨਾ। ਭਾਈ ਭੈਣ ਬਾਲੀ ਕੋਈ ਰਖੇ ਲੋੜ ਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਛੀਣੀ ਦਾ ਪੁਤ੍ਰ ਆ ਕੇ ਜੁਧ ਕਰ ਲੈ। ਤੋੜਨਾ ਨੀ ਕਿਲ੍ਹਾ ਆਕੇ ਛਿਆਨੀ ਭਰਲੈ। ਹੁਣ ਤੈਨੂੰ ਲੁਕਦੇ ਨੂੰ ਥਿਆਵੇ ਖੋੜ ਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਨਾਲੇ ਭੇਜ ਦੇਮੀਂ ਭੀਮ ਭਲਵਾਨ ਕੋ। ਚਾੜ੍ਹੂੰ ਅਸਮਾਨ ਮਾਰ ਇਕ ਬਾਣ ਕੋ। ਮਥਾ ਭੀਮ ਸੈਨ ਨਾਲ ਮੈਂਨੇ ਜੋੜਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਗਿੱਦੜ ਦਾ ਔਂਦਾ ਜਿਸ ਵੇਲੇ ਕਾਲ ਜੀ। ਆਣ ਖਹੇ ਚੂੜ੍ਹੇ ਦੀ ਮੂਨੀ ਦੇ ਨਾਲ ਜੀ। ਆਪ ਦਾ ਬਨਸ ਆਪ ਹੈ ਬਛੋੜਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਕਿਲ੍ਹਾ ਚੱਕਰ ਬਿਊ ਦਾ ਦਿਤਾ ਮੈਂ ਰਚ ਜੀ। ਉਠਦੇ ਕਦੇ ਦੇ ਜੁਧ ਵਾਲੇ ਗਚ ਜੀ। ਮੁਰਗੇ ਦੇ ਬਾਂਗ ਫੜਕੇ ਝੰਜੋੜਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਆਪ ਦੇ ਹਮੈਤੀ ਸਦ ਲੈਣੇ ਹੋਰ ਜੀ। ਮਦਤ ਤੁਸਾਂ ਦੀ ਨੰਦ ਦਾ ਕਸ਼ੋਰ ਜੀ। ਅਜ ਕਰਿਸ਼ਨ ਦਾ ਬੀ ਤੂੰਬੜਾ ਜਿਹਾ ਫੋੜਨਾ। ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਪੂਰੇ ਤੌਰ ਕਰੋ ਆਪਕੀ ਝੜਾਈ ਨੂੰ। ਸਾਡੇ ਨਾਲ ਆ ਕੇ ਕਰ ਲੌ ਲੜਾਈ ਨੂੰ। ਕਪੜੇ ਸਮਾਨ ਰਕਤ ਨਚੋੜਨਾ।

Digitized by Panjab Digital Library | www.panjabdigilib.org

ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ। ਜੇੜ੍ਹਾ ਬੋਤੋਂ ਲਗਦਾ ਲਗਾਲੋ ਜੋਰ ਜੀ । ਦਿਤਾ ਕਰਤਾਰ ਕਾਸਦ ਨੂੰ ਤੋਰ ਜੀ । ਜੋਰਾ ਰਾਮਾ ਅਗੇ ਪ੍ਰਸੰਗ ਜੋੜਨਾ । ਕਿਲ੍ਹਾ ਚੱਕਰ ਬਿਊ ਦਾ ਤੁਸਾਂ ਨੇ ਤੋੜਨਾ।

ਦੋਹਰਾ ॥ ਕਾਸਦ ਨੇ ਖਤ ਦੇ ਦੀਆ ਜਾਏ ਧਰਮ ਸੁਤ ਕੋਲ ॥
ਦਰਯੋਧਨ ਬੇਈਮਾਨ ਨੇ ਸਗਤ ਲਿਖੇ ਨੇ ਬੋਲ ॥

ਬੈਂਤ ॥ ਪੜ੍ਹਕੇ ਚਿਠੀ ਨੂੰ ਧਰਮ ਜੀ ਸੋਚ ਕਰਦਾ ਕੋਈ ਪਤਾ ਨੀ ਕੁਦਰਤ ਦੇ ਗੇੜ ਦਾ ਜੀ। ਦਰਜੋਧਨ ਚੰਡਾਲ ਹੈ ਜੁਲਮ ਕਰਦਾ ਬੇਈਮਾਨੀ ਦੇ ਹਲਟ ਨੂੰ ਗੇੜ ਦਾ ਜੀ। ਅਰਜਨ ਬੀਰ ਮੇਰਾ ਹੈਨੀ ਪਾਸ ਮੇਰੇ ਤਾਹੀਂ ਸਜਰੇ ਜਖਮ ਅਚੇੜ ਦਾ ਜੀ । ਨੀਰ ਨੇਤਰੋਂ ਆਇਆ ਕਰਤਾਰ ਸਿੰਘਾ ਭੀਮ ਸੈਨ ਕੋਲੋਂ ਛੇੜਾਂ ਛੇੜਦਾ ਜੀ ॥

ਖਿਆਲ ॥ ਧਰਮ ਪੁਤਰ ਜੀ ਕਹੇ ਭੀਮ ਕੋ ਜੰਗ ਕਰਨ ਕੋ ਜਾਣਾ ਜੀ। ਚਿਠੀ ਭੇਜਤੀ ਦਰਜੋਧਨ ਨੇ ਕਿਲ੍ਹਾ ਤੋੜ ਕਰ ਆਣਾ ਜੀ। ਭੀਮ ਕਹੇ ਮੈਤੋਂ ਕਿਲ੍ਹਾ ਨ੍ਹੀ ਟੁਟਣਾ ਸਚ ਤੁਝੇ ਬਤਲਾਣਾ ਜੀ। ਅਰਜਨ ਦੇਵ ਔਰ ਕ੍ਰਿਸ਼ਨ ਜੀ ਹੈਨਾ ਲਗੇ ਕਰਨ ਪਛਤਾਣਾ ਜੀ। ਜੰਗ ਕਰਨ ਮੈਂ ਕਿਸ ਕੋ ਤੋਰਾਂ ਇਮਨਾ ਬਾਲ ਨਿਆਣਾ ਜੀ । ਭੀਮ ਸੈਨ ਕਹੇ ਪੇਸ ਨਾ ਜਾਂਦੀ ਕਰਤਾਰ ਰੰਗਤ ਮੇਂ ਗਾਣਾ ਜੀ ॥

ਦੋਹਰਾ ॥ ਕਹੇ ਧਰਮ ਜੀ ਭੀਮ ਕੋ ਤੂੰ ਛੀਣੀ ਦਾ ਛੇਰ ॥
ਭੀਮ ਸੈਨ ਸਿਰ ਮਾਰਦਾ ਦੀਆ ਹੌਸਲਾ ਗੇਰ ॥

ਦੋਹਰਾ ॥ ਧਰਮ ਦੇਵ ਜੀ ਸੋਚਦੇ ਹੈ ਖੋਟੀ ਤਕਦੀਰ ॥
ਕੋਲੇ ਖੜਿਆ ਬਾਲ ਥੀ, ਥੀ ਪਾਰਥ ਬਲਵੀਰ ॥

ਜਬਾਬ ਅਭਮੰਨੂੰ ਕਾ ਤਾਇਆਂ ਕੋ ॥ ਮਨੋਹਰ ਬਿਗਟਾ ਛੰਦ ॥

ਕਹਿੰਦਾ ਇਮਨਾ ਬਾਲ ਸੁਣਾ ਕੇ ਆਖੇ ਚਰਨੀ ਸੀਸ ਨਮਾ ਕੇ ਤਾਇਆ ਕਿਲਾ ਤੋੜ ਦੂੰ ਜਾ ਕੇ ਨੇਤਰੀ ਪਾਣੀ ਔਂਦਾ ਜੀ। ਧਰਮ ਸੁਤ ਦੀ ਦੇਖੋ। ਤਾਇਆ ਭੀਮ ਮੇਰਾ ਬਲਵਾਨੀ ਮੰਨ ਗਿਆ ਜੁਧ

Digitized by Panjab Digital Library | www.panjabdigilib.org

ਕਰਨ ਦੀ ਹਾਨੀ ਲਗੀ ਜਿਗਰ ਹਮਾਰੇ ਕਾਨੀ ਸੱਚੀ ਸੁਣ ਗਲ ਮੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ। ਤਾਇਆ ਜੁਧ ਕਰੂੰ ਮੈਂ ਡਟ ਕਰ ਆਮਾਂ ਛੀ ਸਤ ਦੇ ਸਿਰ ਕੱਟ ਕਰ ਮਾਮੇ ਕ੍ਰਿਸ਼ਨ ਦੇਵ ਕੋ ਰਟ ਕਰ ਕਿਲ੍ਹੇ ਨੂੰ ਤੜ ਦਖਾ ਦੂੰਗਾ। ਮੈਂ ਤਾਂ ਛੇਰਨੀ ਦਾ ਛੇਰ ਜੰਗ ਮੇਂ ਭਾਜੜ ਪਾਦੂੰਗਾ। ਸੁਕਨੀ ਸੱਲ ਨੂੰ ਪਲ ਮੇਂ ਰੋੜੂੰ ਜਾ ਕੇ ਮੁਰਗੇ ਬਾਂਗ ਮਰੋੜੂੰ ਗੁਰੂ ਦਰੋਣੇ ਦੇ ਦੰਦ ਜੋੜੂੰ ਦੇਖਣ ਚਾਰ ਚਪੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ। ਭਾਰਥ ਸੁਤ ਕਹੂ ਕੌਣ ਮੈਨੂੰ ਕਿਲ੍ਹਾ ਮੈਂ ਤੋੜ ਦਖਾ ਦੂੰ ਤੈਨੂੰ ਪਾਪੀ ਕੈਰੋਂ ਬਾਗੇ ਜੈਨੂੰ ਫੜ ਫੜ ਧਰਤੀ 'ਚ ਬੁਨ ਦੂੰ। ਜੇੜ੍ਹੇ ਸੂਰ੍ਹੇ ਅਖਵੌਂਦੇ ਆਟੇ ਮਾਂਹੂੰ ਜਾ ਗੁਨ ਦੂੰ। ਤੈਨੂੰ ਆਖਾਂ ਵਾਰੋ ਵਾਰੀ ਤਾਇਆ ਸੁਣ ਲੈ ਗਲ ਹਮਾਰੀ ਰਾਖਾ ਆਪਣਾ ਕ੍ਰਿਛਨ ਮੁਰਾਰੀ ਕਾਤੋਂ ਢਾਮੇ ਢੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ। ਐਪਰ ਹੈਨੀ ਪਿਤਾ ਮੇਰਾ ਘਰ ਜੀ ਦੇਖੋ ਕੀ ਮਰਨੇ ਦਾ ਡਰ ਜੀ ਜਾ ਕਰ ਕਰੂੰ ਜੰਗ ਨੂੰ ਸਰ ਜੀ ਮਾਲਕ ਸਭ ਦਾ ਵਾਲੀ ਐ। ਬਾਗ ਬਗੀਚਾ ਦੁਨੀਆ ਕੁਦਰਤ ਬਾਲਾ ਮਾਲੀ ਐ। ਕਾਨੂੰ ਡਰਦਾ ਹੁਕਮ ਲਗਾ ਦੇ ਸਾਰੇ ਸਸਤਰ ਬਾਣ ਲਗਾ ਦੇ ਗਲੀਂ ਬਾਤੀਂ ਬਖਤ ਖੁੰਜਾਦੇ ਨਾ ਮੈਂ ਲਾਮਾਂ ਡੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ। ਮੇਹਣੇ ਰੋਜ ਮਾਰਦੇ ਆ ਕੇ ਅਜ ਤਾਂ ਬਹਿਗੇ ਕਿਲ੍ਹਾ ਬਣਾ ਕੇ ਪੈਹਲਾਂ ਜੋਰ ਬਥੇਰਾ ਲਾ ਕੇ ਆਪਣੇ ਉਪਰ ਖੜਗੇ ਨੇ। ਜੇਕਰ ਨੀਮੇ ਹੋਗੇ ਪਾਂਡੋ ਕੈਰੋਂ ਉਪਰ ਚੜ੍ਹਗੇ ਨੇ। ਸਸਤਰ ਮਲੋ ਮਲੀ ਚੁਕਦਾ ਇਮਨਾ ਕੇਰੀ ਛੇਰ ਜਿਉਂ ਬੁਕਦਾ ਨਾ ਓਹ ਰੋਕਿਆ ਕਿਸੇ ਦਾ ਰੁਕਦਾ ਦੇਖੀ ਝੱਟ ਅਜ ਮੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ। ਕਾਨੂੰ ਫਿਕਰ ਐਤਨਾ ਕਰਦਾ ਮੈਂ ਨੀ ਦਰਜੋਧਨ ਸੇ ਡਰਦਾ ਜੁਧ ਤਾਂ ਕਰੇ ਬਾਜ ਨੀ ਸਰਦਾ ਇਹ ਬਦਨਾਮੀ ਭਾਰੀ ਐ। ਚਿਠੀ ਮੋੜ ਪੁਚਾਦੇ ਕਾਨੂੰ ਢਿਲ ਗੁਜਾਰੀ

Digitized by Panjab Digital Library | www.panjabdigilib.org

ਐ। ਸਿੰਘ ਕਰਤਾਰ ਲੀਕ ਨੀ ਲੌਣੀ ਏਥੇ ਦੋ ਦਿਨ ਜਿੰਦ ਪਰੌਣੀ ਜੋਰਾ ਰਾਮ ਢੇਰੀ ਨੀ ਢੌਣੀ ਜਾ ਕੇ ਠਾਦੂੰ ਨ੍ਹੇਰੀ ਨੂੰ। ਕਿਲ੍ਹਾ ਤੋੜ ਦੂੰ ਤਾਇਆ ਦੇਵੇ ਬਾਲ ਦਲੇਰੀ ਨੂੰ।

ਜਬਾਬ ਧਰਮ ਜੁਧਿਸਟਰ ਕਾ ॥ ਦੋਹਰਾ ॥

ਸੁਣਕੇ ਐਨੀ ਬਾਤ ਕੋ ਜੁਧਿਸਟਰ ਕਹੇ ਬਖਾਨ ॥
ਕਿਸ ਬਿਦ ਤੋਰਾਂ ਤੁਝ ਕੋ ਤੇਰੀ ਉਮਰ ਨਦਾਨ ॥

ਕੋਰੜਾ ਛੰਦ ॥ ਆਖਦਾ ਧਰਮ ਤਾਤ ਮੋੜ ਤਾਤ ਨੂੰ। ਸੁਣ ਮੇਰੇ ਲਾਲ ਮੈਂ ਸੁਣਾਮਾਂ ਬਾਤ ਨੂੰ। ਉਮਰ ਨਿਆਣੀ ਬਾਲਕਾ ਮਛੋਰ ਜੀ। ਹੈਨੀ ਜੁਧ ਜੋਗ ਕਿਮੇਂ ਦੇਮਾਂ ਤੋਰ ਜੀ। ਸਤ ਦਰਵਾਜੇ ਸਤੇ ਪਹਿਰੇ ਲਾ ਦਿਤੇ। ਸੰਤ ਮਹਾਰਥੀ ਸੂਰਮੇ ਖੜਾ ਦਿਤੇ। ਕਿਲ੍ਹਾ ਚੱਕਰ ਬਿਊ ਦੇਖਿਆ ਨਾ ਹੋਰ ਜੀ। ਹੈਨੀ ਜੁਧ ਜੋਗ ਕਿਮੇਂ ਦੇਵਾਂ ਤੋਰ ਜੀ। ਤੈਨੂੰ ਤੋਰਾਂ ਬੇਟਾ ਮੇਰਾ ਕੀ ਧਰਮ ਓ। ਬੈਠ ਜਾਮਾਂ ਘਰੇ ਆਊਗੀ ਛਰਮ ਓ। ਆਜੂੰ ਸਨਸਾਰ ਹੁੰਦੇ ਸਭ ਲੋਰ ਜੀ। ਉਮਰ ਨਿਮਾਣੀ ਕਿਵੇਂ ਦੇਮਾਂ ਤੋਰ ਜੀ। ਤੇਰੇ ਪਿਤਾ ਬਾਝ ਨਾ ਕਿਸੇ ਨੂੰ ਸਾਰ ਜੀ। ਨਹੀਂ ਕਿਲ੍ਹਾ ਤੋੜੇ ਕ੍ਰਿਸ਼ਨ ਮਰਾਰ ਜੀ। ਬਿੰਦ ਨਾ ਲਗਾਵੇ ਮਖਣੀ ਦਾ ਚੋਰ ਜੀ। ਉਮਰ ਨਿਆਣੀ ਕਿਮੇਂ ਦੇਮਾਂ ਤੋਰ ਜੀ। ਓਨਾਂ ਦੋਨਾਂ ਬਿਚੋਂ ਕੋਈ ਹੈਨੀ ਅਜ ਜੀ। ਤਾਹੀਂ ਕੈਰੋਂ ਕਰਦੇ ਅਨੇਕਾਂ ਚਜ ਜੀ। ਹੈਨੀ ਤੇਰਾ ਪਿਤਾ ਨਾ ਮੁਕਟ ਮੋਰ ਜੀ। ਹੈਨੀ ਜੁਧ ਜੋਗ ਕਿਮੇਂ ਦੇਵਾਂ ਤੋਰ ਜੀ। ਸ਼ਾਬਾ ਮੇਰੇ ਲਾਲ ਹੌਸਲਾ ਬਦਾ ਦਿਤਾ। ਬਲਬ ਨੇ ਸਿਰ ਜੰਗ ਨੂੰ ਹਲਾ ਦਿਤਾ। ਅਜ ਕੀਹਦੇ ਸਿਰ ਤੇ ਦਖਾਮਾਂ ਜੋਰ ਜੀ। ਉਮਰ ਨਿਆਣੀ ਕਿਮੇਂ ਦੇਮਾਂ ਤੋਰ ਜੀ। ਬਿਨਾਂ ਤੇਰੇ ਪਿਤਾ ਤੋਂ ਕਿਲ੍ਹਾ ਨੀ ਟੁਟਣਾ। ਘਰੇ ਬੈਠ ਬੇਟਾ ਤੈਂ ਅਨੰਦ ਲੁਟਣਾ। ਕੈਸੇ ਤੋਰਾਂ ਲਾਲ ਦਿਸੇ ਅੰਧਘੋਰ ਜੀ। ਹੈਨੀ ਜੁਧ ਜੋਗ ਕਿਮੇਂ ਦੇਮਾਂ ਤੋਰ ਜੀ। ਕੈਰਵ ਤਿਹਾਏ ਬੱਚਾ ਤੇਰੀ ਰੱਤ ਦੇ। ਹੁੰਦਾ ਤੇਰਾ ਪਿਤਾ ਬੇਟਾ ਉਸਨੂੰ ਘੱਤ ਦੇ। ਜੋਰਾ ਕਰਤਾਰ

Digitized by Panjab Digital Library | www.panjabdigilib.org

ਖੜਾ ਛਾਤੀ ਠੋਰ ਜੀ। ਹੈਨੀ ਜੁਧ ਜੋਗ ਕਿਮੇਂ ਦੇਮਾਂ ਟੋਰ ਜੀ।

ਜਬਾਬ ਅਭਮੰਨੂੰ ਕਾ ॥ ਦੋਹਰਾ ॥

ਧਰਮ ਜੁਧਿਸਟਰ ਨੂੰ ਕਹੇ ਫੇਰ ਮੋੜ ਕੇ ਬਾਲ ॥
ਜਿਸ ਬਿਦ ਤੋੜੂੰ ਕਿਲਾ ਮੈਂ ਤਾਇਆ ਸੁਣੋ ਹਵਾਲ ॥

ਬਿਗਟਾ ਛੰਦ ॥ ਧਰਮ ਸੁਤ ਨੂੰ ਫਿਰ ਬਾਲ ਅਭਮੰਨੂੰ ਮੋੜ ਕਹੇ। ਸੁਣ ਲੈ ਸਰਵ ਹਬਾਲ ਅਸਾਂ ਤੋਂ ਦੋ ਕਰ ਜੋੜ ਕਹੇ। ਸੁਣੀ ਗੌਰ ਦੇ ਨਾਲ ਦਾਸ ਨੇ ਅਰਜ ਗੁਜਾਰੀ ਐ । ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ । ਭੂਪ ਜੁਧਿਸਟਰ ਸੁਣੇ ਬਾਲਕਾ ਜੋ ਸਮਝੌਂਦਾ ਹੈ। ਆਦ ਅੰਤ ਤੋਂ ਲਾਕੇ ਬਾਰਤਾ ਸਭ ਬਤਲੌਂਦਾ ਹੈ। ਪਾਰਬ ਨੰਦਨ ਕਹੇ ਬਾਤ ਕਰਦਾ ਨਾ ਟਾਰੀ ਐ। ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ। ਪਏ ਰਾਤ ਦੇ ਟੈਮ ਬਖਤ ਇਕ ਐਸਾ ਆਇਆ ਜੀ। ਮੇਰੀ ਮਾਤ ਨੇ ਮੇਰੇ ਪਿਤਾ ਕੋ ਇਉਂ ਬਤਲਾਇਆ ਜੀ। ਕਰੋ ਬਾਤ ਕੋਈ ਮਾਤ ਅਸਾਂ ਦੀ ਬਚਨ ਉਚਾਰੀ ਐ। ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ। ਚੱਕਰ ਬਿਊ ਦੀ ਕਥਾ ਪਿਤਾ ਨੇ ਫੇਰ ਚਲਾਈ ਐ। ਕੰਨ ਲਗਾ ਕੇ ਸੁਣੇ ਗੌਰ ਸੇ ਮੇਰੀ ਮਾਈ ਐ। ਇਕ ਐਸਾ ਕਿਲ੍ਹਾ ਬਣਾ-ਬਣ ਰਚਿਆ ਨ ਸਨਸਾਰੀ ਐ। ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ। ਗੁਰੂ ਦਰੋਣਾਚਾਰਜ ਐਸਾ ਕਿਲ੍ਹਾ ਬਣਾਊਗਾ। ਸਾਤ ਡੂਡੀਆਂ ਰਚਣ ਚੱਕਰ ਬਿਊ ਨਾਮ ਧਰਾਊਗਾ। ਜੁਧ ਹੋਊਗਾ ਐਸਾ ਹੋਜੂ ਨੇਰ ਗਵਾਰੀ ਐ। ਇਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ। ਛੀ ਡੂਡੀ ਦੀ ਕਥਾ ਪਿਤਾ ਨੇ ਜਦੋਂ ਸੁਣਾਈ ਐ। ਸੌਂ ਗੀ ਮਾਤ ਹਮਾਰੀ ਨੀਂਦ ਕਹਿਰ ਦੀ ਆਈ ਐ । ਸੱਤਮੀ ਡੂਡੀ ਰਹਿਗੀ ਸੌਂ ਗੀ ਮਾਤ ਨਕਾਰੀ ਐ । ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ । ਸੱਤਮੀ ਡੂਡੀ ਦਾ ਭੇਤ ਸੇਤ ਨਾ ਮੇਰੇ ਤਾਈਂ ਜੀ। ਖੜਾ ਭੀਮ ਸੈਨ ਕੋਲੇ ਉਸ ਨੇ ਬਾਤ ਸੁਣਾਈ ਜੀ। ਓ ਡੂਡੀ

Digitized by Panjab Digital Library | www.panjabdigilib.org

ਮੈਂ ਤੋੜਾਂ ਉਠ ਖੜਾ ਬਲਕਾਰੀ ਐ। ਏਸ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ। ਧਰਮ ਭਾਤ ਨੂੰ ਦੇਣ ਦਲਾਸਾ ਧੀਰ ਧਰੌਂਦੇ ਨੇ। ਤਾਇਆ ਔਰ ਭਤੀਜਾ ਸਸਤਰ ਖੂਪ ਉਠੌਂਦੇ ਨੇ। ਜੋਰਾ ਰਾਮ ਕਰਤਾਰ ਸਿੰਘ ਬਾਲੀ ਗੁਰ ਧਾਰੀ ਐ। ਏਜ ਕਿਲ੍ਹੇ ਦੀ ਕਥਾ ਗਰਵ ਸੇ ਸੁਣੀ ਹਮਾਰੀ ਐ।

ਅਭਮੰਨੂੰ ਨੇ ਕੁੰਤੀ ਪਾਸ ਜਾਣਾ ॥ ਦੋਹਰਾ ॥

ਦਾਦੀ ਕੋਲੇ ਜਾਂਮਦਾ ਇਮਨਾ ਰਾਜ ਕੁਮਾਰ ॥
ਜਿਸ ਬਿਦ ਲਿਆ ਸੀ ਬਾਲਕਾ ਥੀ ਕੁੰਤੀ ਨੂੰ ਸਾਰ।

ਝੋਕ ਛੰਦ ॥ ਜਾਵੇ ਅਭਮੰਨੂੰ ਬਾਲਕਾ ਕੁੰਤਾ ਦੇ ਪਾਸ ਜੀ। ਹੁਕਮ ਲਗਾਦੇ ਦਾਦੀ ਕੈਂਦਾ ਬਲਾਸ ਜੀ। ਜੋੜ ਕੇ ਹਥ ਸੀਸ ਚਰਨਾਂ ਤੇ ਡਾਰਦਾ। ਦਰਸਨ ਤੂੰ ਕਰ ਲੈ ਦਾਦੀ ਜਾਂਦੀ ਹੁਣ ਵਾਰ ਦਾ। ਦਿਲ ਦੇ ਬਿਚ ਛੌਂਕ ਰਹਿ ਗਿਆ ਪਿਤਾ ਦੇ ਦਰਸਨ ਦਾ। ਕੀਤਾ ਨ ਹੁਕਮ ਅਦੂਲੀ ਬਾਬਲ ਦੇ ਪ੍ਰਸ਼ਣ ਦਾ। ਚੱਕਰ ਬਿਊ ਕਿਲ੍ਹਾ ਤੋੜਨਾ ਬਚਨ ਉਚਾਰ ਦਾ। ਦਰਸਨ ਤੂੰ ਕਰ ਲੈ ਦਾਦੀ ਜਾਂਦੀ ਹੁਣ ਬਾਰ ਦਾ। ਹੁੰਦਾ ਘਰ ਪਿਤਾ ਹਮਾਰਾ ਕਿਲ੍ਹੇ ਨੂੰ ਤੋੜਦਾ। ਮੁਰਗੇ ਸਮਾਨ ਰੱਣ ਮੇਂ ਸਭ ਨੂੰ ਮਰੋੜ ਦਾ। ਲੜਦਾ ਜਾ ਫਨੀਅਰ ਮਾਰੂ ਧਰਤ ਨਗਾਰ ਦਾ। ਦਰਸਣ ਤੂੰ ਕਰ ਲੈ ਦਾਦੀ ਜਾਂਦੀ ਹੁਣ ਬਾਰ ਦਾ। ਓੜਕ ਦੀ ਪੇਸੀ ਆਗੀ ਦਾਲਤ ਨੂੰ ਜਾਣਾ ਜੀ। ਮਿਟ ਦਾ ਨੀ ਮੇਟਿਆਂ ਮਾਤਾ ਸਤਗੁਰ ਦਾ ਭਾਣਾ ਜੀ। ਨਗਰ ਘਰਾਂਚੋਂ ਸੰਗਤੇ ਸੈਰ ਕਰਤਾਰ ਦਾ। ਦਰਸਨ ਕਰ ਲੈ ਮਾਤਾ ਜਾਂਦੀ ਹੁਣ ਬਾਰ ਦਾ। ਦਰਸਨ ਤੂੰ ਕਰ ਲੈ ਦਾਦੀ।

ਦੋਹਰਾ ॥ ਕੁੰਤਾ ਮਾਤਾ ਸੋਚਦੀ ਸੁਣੀ ਓ ਮੇਰੇ ਲਾਲ ॥
ਤੂੰ ਛੀਣੀ ਦਾ ਛੇਰ ਹੈਂ ਰਾਖਾ ਕ੍ਰਿਸ਼ਨ ਗੁਪਾਲ ॥

ਮਨੋਹਰ ਭਵਾਨੀ ਕਬਿਤ ਛੰਦ ॥ ਮਾਤਾ ਆਖਦੀ ਐ ਭਾਸ ਬੇਟਾ ਸੁਣ ਲੈ ਬਲਾਸ ਤੈਨੂੰ ਦਸਦੀ ਮੈਂ ਖਾਸ ਉਮਰ ਛਟੇਰੀ ਐ।

Digitized by Panjab Digital Library | www.panjabdigilib.org

ਫਨੀਅਰ ਮਾਂਗੂੰ ਲੜਨਾ ਬਾਲ ਨੂੰ ਦੇਵੇ ਦਲੇਰੀ ਐ। ਕੁੰਤਾ ਕਹੇ ਬਾਰੋ ਬਾਰ ਬੇਟਾ ਇਮਨਾ ਕੁਮਾਰ ਨਾ ਖਵਰ ਤੈਨੂੰ ਸਾਰ ਜੁਧ ਦੀ ਬਤੌਂਦੀ ਐ। ਗਾਨਾ ਬੰਨੇ ਮਾਤਾ ਨਾਲੇ ਸਮਝੌਂਦੀ ਐ। ਝਾਕ ਮੇਰੇ ਬਲ ਸੁਣ ਲਾਲ ਮੇਰੀ ਗਲ ਭਮਾਂ ਕਿੰਨਾ ਹੋਵੇ ਦਲ ਤੂੰ ਜਮਾਂ ਨੀ ਹਾਰਦਾ। ਸਾਸ ਸਾਸ ਨਾਮ ਰਟੀਂ ਵੇ ਮੁਰਾਰ ਦਾ। ਬਚਾ ਮੰਨਣਾ ਨੀ ਡਰ ਤੂੰ ਨਸੰਗ ਜੁਧ ਕਰ ਹੈਨੀ ਤੇਰਾ ਪਿਤਾ ਘਰ ਫੇਰ ਤੋਰ ਦਾ ਕੱਨਾ। ਜੋਦਨ ਹੰਕਾਰੀ ਹੁਦੇ ਘੋਰ ਦਾ ਕੱਨਾ। ਗੁਰੂ ਦੂਰੋਣੇ ਜੁਲਮ ਕਮਾਇਆ ਚੱਕਰ ਬਿਊ ਦਾ ਕਿਲ੍ਹਾ ਬਣਾਇਆ ਉਨੂੰ ਤ੍ਰਸ ਜਰਾ ਨੀ ਆਇਆ ਮਾਤਾ ਇਉਂ ਫਰਮੌਂਦੀ ਐ। ਗਾਨਾ ਬੰਨੇ ਮਾਤਾ ਨਾਲੇ ਸਮਝੌਂਦੀ ਐ। ਨਾਲ ਭੀਮ ਨੂੰ ਲਜਾਂ ਕੇ ਜੁਧ ਕਰੀਂ ਜੋਰ ਲਾ ਕੇ ਜਦੋਂ ਚੜੂ ਗੁਸਾ ਆ ਕੇ ਭੀਮ ਬਲਵਾਨ ਨੂੰ। ਫੜ ਫੜ ਜੋਧੇ ਫੈਕੂੰ ਅਸਮਾਨ ਨੂੰ। ਤੇਰੀ ਉਮਰ ਨਧਾਨ ਤੂੰ ਚਲਾਮੇਂ ਕੈਸੇ ਬਾਨ ਤੂੰ ਤਾਂ ਸਚ ਕਰ ਮਾਨ ਹੌਸਲਾ ਬਧੌਂਦੀ ਐ। ਗਾਨਾ ਬੰਨੇ ਮਾਤਾ ਨਾਲੇ ਸਮਝੌਂਦੀ ਐ। ਤੇਰਾ ਮਾਮਾ ਆਊ ਆਕੇ ਗਾਨਾ ਤੜਵਾਊ ਤੇ ਬਥੇਰਾ ਜੋਰ ਲਾਊ ਹੋਰ ਕੈਣਾ ਮੋੜੀ ਨਾ। ਇਕ ਤੂੰ ਜਰੂਰ ਬਚਾ ਗਾਨਾ ਤੋੜੀ ਨਾ। ਐਸਾ ਮਾਰੂ ਕੋਈ ਤਾਹਨਾ ਤੇਰਾ ਤੋੜ ਦੂੰ ਗਾ ਗਾਨਾ ਕੋਈ ਕਰਕੇ ਬਹਾਨਾ ਉਨੂੰ ਗਲ ਔਂਦੀ ਐ। ਗਾਨਾ ਬੰਨੇ ਮਾਤਾ ਨਾਲੇ ਸਮਝੌਂਦੀ ਐ। ਗੋਦੀ 'ਚ ਬਠਾਲ ਮਾਤਾ ਲਾਵੇ ਸੀਨੇ ਨਾਲ ਕਿਕੂੰ ਤੋਰਾਂ ਮੇਰੇ ਲਾਲ ਪਿਤਾ ਤੇਰਾ ਨਾ ਘਰੇ। ਪੋਤੇ ਨਾਲ ਦਾਦੀ ਨਾਲੇ ਪਿਆਰ ਨੂੰ ਕਰੇ। ਜੋਰਾ ਰਾਮਾ ਜਾਈਂ ਹੁਣ ਡੇਰ ਨਾ ਲਗਾਈਂ ਕਰਤਾਰ ਜੱਸ ਪਾਈਂ ਓਟ ਓਦ੍ਹੇ ਨੌ ਦੀ ਐ। ਗਾਨਾ ਬੰਨੇ ਮਾਤਾ ਨਾਲੇ ਸਮਝੌਂਦੀ ਐ॥

ਦੋਹਰਾ॥ ਲੈ ਕੁੰਤੀ ਤੇ ਆਗਿਆ ਹੋ ਗਿਆ ਝਟ ਰਵਾਨ॥
ਉਤਰਾਂ ਸੁਤਾ ਬਰਾਟ ਦੀ ਮੂਹਰੇ ਖੜਗੀ ਆਨ॥
ਕੋਰੜਾ ਛੰਦ॥ ਉਤਰਾਂ ਬਰਾਟ ਭੂਪ ਦੀ ਦੁਲਾਰੀ ਐ।

Digitized by Panjab Digital Library | www.panjabdigilib.org

ਦੋਮੇਂ ਹਥ ਜੋੜ ਅਰਜ ਗੁਜਾਰੀ ਐ। ਬਾਰੋ ਬਾਰੀ ਕੈਂਹਦੀ ਤੇਰੇ ਤਾਈਂ ਬਾਲਮਾ॥ ਜੰਗ ਨਾ ਕਰਨ ਅਜ ਜਾਈਂ ਬਾਲਮਾ। ਸੁਫਨੇ ਦਖਾਈ ਖੋਟੇ ਦਿਸੇ ਚੰਦਰੇ। ਨਕ ਬਿਚੋਂ ਨੱਥ ਡਿਗ ਪਈ ਅੰਦਰੇ। ਨੱਥ ਨਾ ਸੁਹਾਗ ਦੀ ਲੁਹਾਈਂ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਆਪਣਾ ਦੋਹਾਂ ਦਾ ਹਾਣ ਪਰਮਾਣ ਲੈ। ਮੰਦਰਾਂ 'ਚ ਬੈਠ ਕੇ ਅਨੰਦ ਮਾਣ ਲੈ। ਭੈੜੀ ਦਿਸਾ ਦੇਗੀ ਐ ਦਖਾਈ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਜੈਦਰਥ ਬਰਗੇ ਅਨੇਕਾਂ ਹੋਣਗੇ। ਉਮਰ ਛਟੇਰੀ ਤੇਰੀ ਜੰਗੋ ਖੋਣਗੇ। ਰੰਡੀਆਂ ਦੇ ਹਾਣ ਨਾ ਬਣਾਈਂ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਪਤੀ ਤੋਂ ਬਗੈਰ ਔਰਤਾਂ ਨਕੰਮੀਆਂ। ਝੱਲਣ ਤਰਾਨੇ ਨੇਕਾਂ ਨਿੱਜ ਜੰਮੀਆਂ। ਔਰਤ ਦਾ ਪਤੀ ਸੁਖਦਾਈ ਬਾਲਮਾ। ਜੰਗ ਨ ਕਰਨ ਅਜ ਜਾਈਂ ਬਾਲਮਾ। ਮੈਨੂੰ ਬੀ ਲੈ ਚਲੋ ਤੁਸੀਂ ਨਾਲ ਪਤੀ ਜੀ। ਮੇਰਾ ਕੀ ਬਣੂੰਗਾ ਐਥੇ ਹਾਲ ਪਤੀ ਜੀ। ਆਪ ਹੱਥੀਂ ਸੰਖੀਆ ਪਲਾਈਂ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਸੁੰਦਰ ਜੁਆਨੀ ਰੇਤ ਮੇਂ ਰਲਾਈਂ ਨਾ। ਹਾੜੇ ਮੇਰੇ ਪਤੀ ਜੀ ਬਛੋੜਾ ਪਾਈਂ ਨਾ। ਸਿਰ ਉਤੋਂ ਹਥ ਨਾ ਉਠਾਈਂ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਹੁਣ ਪਤੀ ਆਪਣੀ ਚਲੇ ਬਨਸ ਨਾ। ਮੂਹਰੇ ਕੋਈ ਤੇਰੇ ਦਿਸ ਦੀ ਅਨਸ ਨਾ। ਘਰ ਹੈਨੀ ਬਾਲ ਲਾਲ ਕਾਈ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਓਸ ਵੇਲੇ ਝਟ ਅਭਮੰਨੂ ਸੋਚਦਾ। ਹੋ ਜੇ ਘਰ ਲਾਲ ਏਦਾਂ ਦਿਲ ਲੋਚਦਾ। ਖੈਰ ਪਲੇ ਦਾਸੀ ਦੇ ਤੂੰ ਪਾਈਂ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ। ਰਸਦਾਰ ਛੰਦ ਸਿੰਘ ਕਰਤਾਰ ਦਾ। ਗਾਮ ਕਰਹਾਲੀ ਅਮਰ ਲੁਹਾਰ ਦਾ। ਜੋਰਾ ਰਾਮ ਸ਼ੇਰ ਦੀ ਦੁਹਾਈ ਬਾਲਮਾ। ਜੰਗ ਨਾ ਕਰਨ ਅਜ ਜਾਈਂ ਬਾਲਮਾ॥

ਦੋਹਰਾ॥ ਉਤਰਾਂ ਆਖੇ ਪਤੀ ਜੀ ਲੈਜੋ ਮੇਰਾ ਹਾਰ॥

Digitized by Panjab Digital Library | www.panjabdigilib.org

ਜੌਂਗਲ ਹਾਰ ਹੈ ਮੁਝ ਦਾ ਤੈਨੂੰ ਸਕੇ ਨਾ ਮਾਰ ॥

ਖਿਆਲ ॥ ਸਾਰੀ ਖੇਲ ਹੈ ਕ੍ਰਿਸ਼ਨ ਦੇਵ ਕੀ ਕਰਿਸ਼ਨ ਨੇ ਖੇਲ ਰਚਾਤਾ ਜੀ। ਓਸੇ ਵੇਲੇ ਅਭਮੰਨੂੰ ਰਾਣੀ ਸੇ ਨੇਤਰਾਂ ਸੇ ਨੇਤਰ ਮਲਾਤਾ ਜੀ। ਜਾ ਰਾਣੀ ਤੇਰੇ ਪੁਤਰ ਹੋਊਗਾ ਬਚਨ ਬਿਰਥਾ ਨੀ ਜਾਤਾ ਜੀ। ਰਾਣੀ ਮੁੜ ਪੀ ਸੀਸ ਨਮਾ ਕਰ ਰੱਥ ਕੋ ਬਾਲ ਚਲਾਤਾ ਜੀ। ਨਗਰ ਘਰਾਂਚੋਂ ਵਾਲਾ ਜੋੜ ਕਰ ਕਥਾ ਭਾਰਥ ਕੀ ਗਾਤਾ ਜੀ ॥

ਕ੍ਰਿਸ਼ਨ ਨੇ ਅਰਜਨ ਜੀ ਕੋ ਛੋਡ ਕਰ ਅਭਮੰਨੂੰ ਪਾਸ ਔਣਾ ॥

ਦੋਹਰਾ ॥ ਅਰਜਨ ਜੀ ਕੋ ਛੋਡ ਕਰ ਆਇ ਕ੍ਰਿਸ਼ਨ ਗੁਪਾਲ ॥
ਪਾਰਥ ਸੁਤ ਕੋ ਪੁਛਦਾ ਕਹਾਂ ਚੱਲੇ ਤੁਮ ਬਾਲ ॥

ਬਿਗਟਾ ਛੰਦ ॥ ਮਾਧੋ ਬੰਸੀ ਵਾਲਾ ਬਾਲ ਨੂੰ ਖੜਾ ਪੁਕਾਰੇ ਜੀ। ਕਹੋ ਭਾਣਜੇ ਬਾਤ ਕਹਾਂ ਤੁਮ ਕਰ ਲੇ ਤਿਆਰੇ ਜੀ॥ ਕਾਤੋਂ ਕਰੀ ਚੜ੍ਹਾਈ ਮੈਤੇ ਨਾ ਸ਼ਰਮੌਣਾ ਜੀ। ਕਹਾਂ ਤਿਆਰੀ ਕਰੀ ਭਾਣਜੇ ਮੁਝੇ ਬਤੌਣਾ ਜੀ। ਰੱਥ ਜੁੜਵਾ ਕੇ ਤੁਰਿਆ ਖੂੰਨੀ ਬਿਗਲ ਬਜੌਂਦਾ ਤੂੰ। ਜੁਧ ਕਰਨ ਦੀ ਕਾਰਨ ਨਜ਼ਰ ਅਸਾਂ ਦੀ ਔਂਦਾ ਤੂੰ। ਸੱਭ ਸਮਝਾਂਦੇ ਮੈਨੂੰ ਪੱਲ ਤੈਂ ਰੱਥ ਅਟਕੌਣਾ ਜੀ। ਕਹਾਂ ਤਿਆਰੀ ਕਰੀ ਭਾਣਜੇ ਮੁਝੇ ਬਤੌਣਾ ਜੀ। ਖੈਰ ਦਿਸੇ ਨਾ ਮੈਨੂੰ ਸਸਤਰ ਜਿਕੋਂ ਲਗਾਏ ਨੇ। ਭੀਮ ਸੈਨ ਬਲਕਾਰ ਦੂਸਰੇ ਨਾਲ ਰਲਾਏ ਨੇ। ਕੌਣ ਰਿਪੂ ਚੜ੍ਹ ਆਇਆ ਮੈਨੂੰ ਤੈਂ ਫਰਮੌਣਾ ਜੀ। ਕਹਾਂ ਤਿਆਰੀ ਤੇਰੀ ਭਾਣਜੇ ਮੁਝੇ ਬਤੌਣਾ ਜੀ। ਔਰ ਗੈਰ ਦੀ ਕਾਰਨ ਏਹ ਕੰਮ ਕੱਦੇ ਨਹੀਂ ਹੁੰਦਾ। ਬੈਰੀ ਚੜ੍ਹੇ ਸਿਰ ਆ ਕੇ ਹੱਟਣ ਜਦੇ ਨਹੀਂ ਹੁੰਦਾ। ਖੈਰ ਸੁਖ ਨਾ ਦਿਸਦੀ ਜਾਦੇ ਨਾ ਘਵਰੌਣਾ ਜੀ। ਕਹਾਂ ਤਿਆਰੀ ਕਰੀ ਭਾਣਜੇ ਮੁਝੇ ਬਤੌਣਾ ਜੀ। ਕਰੋਧ ਦਿਸੇ ਦਿਲ ਤੇਰੇ ਆਗੀ ਨੈਣੋ ਮੇਂ ਲਾਲੀ। ਕਹੇ ਕਰਤਾਰ ਕਵੀਸ਼ਰ ਮਾਲਕ ਸਭ ਦਾ ਹੈ ਬਾਲੀ। ਜੋਰਾ ਰਾਮ ਜੀ ਛੰਦ ਛੰਦ ਰੰਗਤਾ ਬਿਚ ਗੌਣਾ ਜੀ। ਕਹਾਂ ਤਿਆਰੀ ਕਰੀ ਭਾਣਜੇ ਮੁਝੇ ਬਤੌਣਾ ਜੀ॥

Digitized by Panjab Digital Library | www.panjabdigilib.org

ਦੋਹਰਾ ॥ ਕਰਿਸ਼ਨ ਦੇਵ ਕੋ ਆਖਦਾ ਇਮਨਾ ਰਾਜ ਕੁਮਾਰ ।
ਕਿਲ੍ਹਾ ਤੋੜਨੇ ਜਾਂਮਦਾ ਕਰਦਾ ਮਾਰੋ ਮਾਰ ॥

ਬੈਂਤ ॥ ਅਭਮੰਨੂ ਆਖਦਾ ਜੋੜਕੇ ਹੱਥ ਦੋਮੇਂ ਤੈਨੂੰ ਦਸਦਾ ਸਰਵ ਹਵਾਲ ਮਾਮਾ । ਚਕਾ ਬੂਜ ਦਾ ਕਿਲ੍ਹਾ ਤਿਆਰ ਕੀਤਾ ਦਰੋਣਾ ਗੁਰੂ ਨੇ ਕਰੋ ਖਿਆਲ ਮਾਮਾ । ਸੱਤ ਡੂਡੀਆਂ ਸੱਤਾਂ ਤੇ ਲਾਏ ਪੈਰੇ ਮਾਹਾਰਥੀ ਨੇ ਸਭੇ ਭੁਪਾਲ ਮਾਮਾ । ਕਿਲ੍ਹਾ ਤੋੜ ਦੋ ਲਿਖੇ ਬਿਆਨ ਐਸੇ ਭੇਜੇ ਪਤਰਕਾ ਜੋਧਨ ਚੰਡਾਲ ਮਾਮਾ । ਮੇਰੇ ਤਾਇਆ ਜੀ ਕੋਲ ਪੁਚਾ ਚਿਠੀ ਪਾਤਾ ਕੈਰਵਾਂ ਦੇਖ ਭੁਚਾਲ ਮਾਮਾ । ਚਿਠੀ ਪੜ੍ਹੀ ਜਦ ਤਾਇਆ ਜੀ ਕੋਲ ਮੈਂ ਤੀ ਜਾਵੇ ਨੇਤਰੋਂ ਪਾਣੀ ਜਿਉ ਝਾਲ ਮਾਮਾ । ਮੰਨੋ ਹਾਰ ਜੇ ਕਿਲ੍ਹਾ ਨੀ ਤੋੜ ਸਕਦੇ ਸੱਚੀ ਬਾਤ ਏ ਝੂਠ ਨਾ ਡਾਲ ਮਾਮਾ । ਮੇਰੇ ਤਾਏ ਨੇ ਭੀਮ ਨੂੰ ਪੁਛਿਆ ਤੀ ਪਿਤਾ ਮੇਰਾ ਤੀ ਤੁਝਦੇ ਨਾਲ ਮਾਮਾ । ਭੀਮ ਆਖਦਾ ਕਿਲ੍ਹਾ ਨੀ ਤੋੜ ਸਕਦਾ ਜੰਗ ਹੋਂਮਦਾ ਨੀ ਤੀਨੋ ਕਾਲ ਮਾਮਾ । ਅੱਜ ਪਿਤਾ ਨੀ ਘਰੇ ਜ਼ਰੂਰ ਮੇਰੇ ਪਿਛੋਂ ਕੈਰਵਾਂ ਖੇਲਨੀ ਚਾਲ ਮਾਮਾ । ਮੈਂ ਤਾਂ ਆਖਿਆ ਕਿਲ੍ਹਾ ਏ ਤੋੜ ਸਕਦਾ ਛੀ ਡੂਡੀਆਂ ਸੁਣੀ ਸੁਆਲ ਮਾਮਾ । ਭੀਮ ਆਖਦਾ ਸੱਤਮੀ ਤੋੜ ਦੂੰ ਮੈਂ ਮੈਨੂੰ ਆਖਦਾ ਲਵੇ ਬਠਾਲ ਮਾਮਾ । ਕਿਲ੍ਹਾ ਤੋੜਨੇ ਜਾਈਏ ਕਰਤਾਰ ਸਿੰਘਾ ਜੋਰਾ ਰਾਮ ਜੀ ਗੱਜਦਾ ਬਾਲ ਮਾਮਾ।

ਕੁੰਡਲੀਆ ਛੰਦ । ਕ੍ਰਿਸ਼ਨ ਭਗਵਾਨ ਜੀ ਆਖਦੇ ਗਲ ਮੇਂ ਕੀਦ੍ਹਾ ਹਾਰ । ਗਾਨਾ ਹੈ ਇਕ ਹੱਥ ਮੇਂ ਆਖੇ ਬੋਲ ਮੁਰਾਰ । ਆਖੇ ਬੋਲ ਮੁਰਾਰ ਬਾਲ ਕੋ ਮੁਝੇ ਬਤਾਦੇ । ਕੀ ਕਾਰਨ ਤੈਂ ਪਾ ਲਏ ਮੈਨੂੰ ਸਚ ਸੁਨਾਦੇ । ਕਹੇ ਕੱਵ ਕਰਤਾਰ ਹਾਰ ਮਾੜੇ ਦਿਸਣ । ਕਿਸ ਦੇ ਗਾਨਾ ਹਾਰ ਇਹ ਬਾਲ ਕੋ ਪੁਛੇ ਕ੍ਰਿਸ਼ਣ ।

ਜਬਾਬ ਅਭਮੰਨੂੰ ਕਾ ॥

ਦੋਹਰਾ ॥ ਦਾਦੀ ਨੇ ਹੈ ਬੰਨ੍ਹਿਆ ਗਾਨਾ ਇਕ ਜਰੂਰ ॥
ਹਾਰ ਰਾਣੀ ਨੇ ਪਾ ਦੀਆ ਸੁਣ ਲੋ ਬਾਤ ਹਜ਼ੂਰ ॥

Digitized by Panjab Digital Library | www.panjabdigilib.org

ਜਬਾਬ ਕ੍ਰਿਸ਼ਨ ਜੀ ਕਾ ॥ ਕੋਰੜਾ ਛੰਦ ॥

ਬਾਲਕੇ ਨੇ ਜਦੋਂ ਐਤਨੀ ਉਚਾਰੀ ਐ । ਫੇਰ ਗੱਲ ਮੋੜ ਆਖਦਾ ਮੁਰਾਰੀ ਐ । ਕੰਨ ਲਾਕੇ ਸੁਣ ਭਾਣਜੇ ਕਹਾਨੀ ਤੂੰ। ਸੂਰਮਿਆਂ ਦੀ ਅੱਜ ਕਰਵੌਂਦਾ ਹਾਨੀ ਤੂੰ । ਏਤਾਂ ਮੇਰੇ ਲਾਲ ਹੈ ਨਾ ਗੱਲ ਠੀਕ ਜੀ। ਲਾਮੇਂ ਦੇਖ ਆਪਦੇ ਪਿਤਾ ਨੂੰ ਲੀਕ ਜੀ। ਹੁਣ ਬਣ ਗਿਆ ਮਰਦੋਂ ਜਨਾਨੀ ਤੂੰ । ਸੂਰਮਿਆਂ ਦੀ ਅੱਜ ਕਰਵੌਨੈ ਹਾਨੀ ਤੂੰ । ਬਾਰਾਂ ਸਾਲ ਅੰਜੂ ਮਾਰਿਆ ਕੰਨਸ ਜੀ। ਕੇਸਾਂ ਤੋਂ ਪਕੜ ਕਰਤਾ ਬਦੱਸ ਜੀ। ਸੋਲਾਂ ਸਾਲ ਪੂਰਾ ਉਮਰ ਛਤਾਨੀ ਤੂੰ। ਸੂਰਮਿਆਂ ਦੀ ਅੱਜ ਕਰਵੌਨੈ ਹਾਨੀ ਤੂੰ। ਤੇਰੀ ਦਾਦੀ ਲੜੂ ਤੂੰ ਕੀ ਕਰੇਂ ਜੁਧ ਨੂੰ । ਲੀਕ ਤੂੰ ਲਗੌਨੈ ਮਾਤਾ ਜੀ ਦੇ ਦੁਧ ਨੂੰ। ਜੁਧ ਕਰੇ ਓਟ ਤਕਕੇ ਬਗਾਨੀ ਤੂੰ । ਸੂਰਮਿਆਂ ਦੀ ਅਜ ਕਰਵੌਨੈ ਹਾਨੀ ਤੂੰ। ਨਿੰਦਿਆ ਕਰਾਮੇਂ ਤਿੰਨ ਲੋਕ ਬੀਚ ਤੂੰ । ਪੁਠੀਆਂ ਚਲਾਮੇ ਰੀਤਾਂ ਬਣੇ ਨੀਚ ਤੂੰ। ਛਤਰੀ ਕਹਾਮੇਂ ਦੇਮੇਂ ਕਰਵਾਨੀ ਤੂੰ। ਸੂਰਮਿਆਂ ਦੀ ਅੱਜ ਕਰਵੌਂਦਾ ਹਾਨੀ ਤੂੰ । ਤੇਰਾ ਪਿਤਾ ਲੜਦਾ ਪਰਨ ਧਾਰਕੇ। ਸੂਰਮਿਆਂ ਦੇ ਮੁਖ ਮੋੜੇ ਲਲਕਾਰ ਕੇ । ਅਰਜਨ ਨੂੰ ਦੇਖ ਮੰਨ ਦੀ ਜਹਾਨੀ ਐ। ਪਾਂਡਵਾਂ ਦੀ ਅੱਜ ਕਰਵੌਂਦਾ ਹਾਨੀ ਐ। ਕਰਨਾ ਜੇ ਜੁਧ ਜਾਈਂ ਗਾਨਾ ਤੋੜ ਕੇ। ਨਹੀਂ ਲੈਜਾ ਰੱਬ ਘਰ ਪੁੱਠਾ ਮੋੜਕੇ । ਏਤਾਂ ਕਰ ਭਾਣਜੇ ਮੇਹਰਬਾਨੀ ਤੂੰ। ਪਾਂਡਵਾਂ ਦੀ ਅੱਜ ਕਰਵੌਂਦਾ ਹਾਨੀ ਤੂੰ। ਭਾਣਜੇ ਅਸਾਂ ਦੇ ਨੌ ਨੂੰ ਦਾਗ ਲੌਂਦਾ ਤੂੰ। ਸੂਰਮਿਆਂ ਦੇ ਬਿਚੋਂ ਬੈਠਣਾ ਹਟੌਂਦਾ ਤੂੰ। ਗੱਲ ਬਿਚੋਂ ਹਾਰ ਤੋੜ ਕੱਢ ਗਾਨੀ ਤੂੰ। ਸੂਰਮਿਆਂ ਦੀ ਅੱਜ ਕਰਵੌਂਦਾ ਹਾਨੀ ਤੂੰ। ਇਹ ਨੀ ਹੁੰਦਾ ਸੂਰੇ ਦਾ ਕਰਮ ਭਾਣਜੇ। ਮੰਨ ਕੁਛ ਆਪ ਨੂੰ ਸਰਮ ਭਾਣਜੇ। ਨਾਲੇ ਡੋਲ ਰਿਹਾ ਹੈ ਸਮਾਨ ਪਾਨੀ ਤੂੰ। ਪਾਂਡਵਾਂ ਦੀ ਅੱਜ ਕਰਵੌਂਦਾ ਹਾਨੀ ਤੂੰ। ਹਾਰ ਗਾਨਾ ਤੋੜਤੇ ਕਰੋਧ ਨਾਲ ਜੀ। ਹੱਸੇ ਕਰਤਾਰ ਕ੍ਰਿਸ਼ਨ ਗੁਪਾਲ ਜੀ। ਜੋਰਾ ਰਾਮ ਹੁਣ ਹੋਇਆ ਬਲਵਾਨੀ ਤੂੰ।

Digitized by Panjab Digital Library | www.panjabdigilib.org

DEPARTMENT OF LANGUAGES 16967 BOOK PATIALA

ਸੂਰਮਿਆਂ ਦੀ ਅੱਜ ਕਰਵੌਂਦਾ ਹਾਨੀ ਤੂੰ।

ਦੋਹਰਾ ॥ ਇਕ ਦਮ ਗਾਨਾ ਤੋੜਤਾ ਭਖਰਗੇ ਅਗਨ ਸਮਾਨ।
ਚੱਕਾ ਬੂਜ ਨੂੰ ਸੂਰਮਾ ਹੋਇਆ ਝਟ ਰਵਾਨ ॥

ਡੂਡਾ ਕੋਰੜਾ ॥ ਥਾਪੀ ਲਾਕੇ ਤੋਰੇ ਸ੍ਰੀ ਭਗਵਾਨ ਜੀ । ਨਾ ਲਗਾਵੇ ਡੇਰ ਜੀ। ਹੌਸਲੇ ਨੂੰ ਧਾਰ ਹੋ ਗਿਆ ਰਵਾਨ ਜੀ। ਜਿਉਂ ਬੱਬਰ ਸ਼ੇਰ ਜੀ। ਭੀਮ ਨੂੰ ਅਵਾਜ਼ ਮਾਰਦੇ ਕਸ਼ੋਰ ਜੀ । ਸੱਦਿਆ ਮੁਰਾਰ ਨੇ । ਪਾਇਆ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ । ਏਮਨਾ ਕੁਮਾਰ ਨੇ। ਭੀਮ ਅਭਮੰਨੂੰ ਨਾਲੋਂ ਦਿਤਾ ਪਾੜ ਜੀ। ਕ੍ਰਿਸ਼ਨ ਗੁਪਾਲ ਨੇ। ਪਾਂਡਵਾਂ ਦੀ ਖੇਲ ਸਰਵ ਬਗਾੜ ਜੀ। ਖੇਡ ਗਏ ਚਾਲ ਨੇ। ਛਲ ਕਰ ਗਿਆ ਮਖਣੀ ਦਾ ਚੋਰ ਜੀ। ਜਾਂਮਦੇ ਸੁਧਾਰਨੇ। ਪਾਤਾ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ। ਏਮਨਾ ਕੁਮਾਰ ਨੇ । ਬਾਲਕੇ ਨੂੰ ਭੀਮ ਥੀ ਅਵਾਜ ਮਾਰਜਾ । ਕੋਈ ਫੜੇ ਨਾ ਪੱਲਾ । ਬਾਹਰ ਖੜਾ ਥੀ ਜੋਧਾ ਲਲਕਾਰ ਦਾ। ਅੜ ਜਾਈਂ ਨਾ ਕੱਲਾ। ਲਗਦਾ ਨੀ ਭੇਤ ਆਮਾਂ ਤੇਰੇ ਓਰ ਜੀ। ਕਿਹਾ ਬਲਕਾਰ ਨੇ । ਪਾਤਾ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ। ਏਮਨਾ ਕੁਮਾਰ ਨੇ । ਭੀਮ ਅਭਮੰਨੂੰ ਅੱਡੋ ਅੱਡੀ ਹੋ ਗਏ। ਭਾਵੀ ਨੇ ਬਖੇੜ ਤੇ। ਕ੍ਰਿਸ਼ਨ ਮੁਰਾਰ ਕੈਸੇ ਅੱਕ ਚੋ ਗਏ । ਔਂਦੇ ਉਨ੍ਹੂੰ ਗੇੜ ਤੇ । ਕੱਲਾ ਅਭਮੰਨੂੰ ਖੜਾ ਛਾਤੀ ਠੋਰ ਜੀ । ਲਗਾ ਨਿਗ੍ਹਾ ਮਾਰਨੇ। ਪਾਤਾ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ। ਏਮਨਾ ਕੁਮਾਰ ਨੇ। ਪੈਹਲੀ ਦੂਜੀ ਤੀਜੀ ਚੌਥੀ ਤੋੜ ਜਾਂਮਦਾ। ਪੰਜਮੀ ਤੇ ਖੜਿਆ । ਪੰਜਮੀ ਤੇ ਛੀਮੀ ਚ ਭੁਚਾਲ ਪਾਂਮਦਾ। ਹੈ ਕਟਕ ਚੜ੍ਹਿਆ। ਰਹਿ ਗਿਆ ਜੈਦਰਥ ਭਜਗੇ ਨੇ ਹੋਰ ਜੀ। ਸਰਵ ਫਰਾਰ ਨੇ। ਪਾਤਾ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ। ਏਮਨਾ ਕੁਮਾਰ ਨੇ। ਚੜ੍ਹਿਆ ਕਟਕ ਸਤਮੀ ਤੇ ਜਾਇਕੇ । ਜੋਧਨ ਬਚਾਰਦਾ। ਕੇਰਾ ਬੇਟਾ ਲਗ ਛਾਤੀ ਨਾਲ ਆਇਕੇ। ਬਚਨ ਉਚਾਰ ਦਾ । ਫੇਰ ਭਮਾਂ ਮੁੜ ਕੋ ਦਖਾਈ ਗੋਰ ਜੀ । ਤੇਰੇ ਬਲਿਹਾਰ ਨੇ।

Digitized by Panjab Digital Library | www.panjabdigilib.org

ਪਾਤਾ ਚੱਕਾ ਬੂਜ ਦੇ ਕਿਲ੍ਹੇ ਚ ਸ਼ੋਰ ਜੀ । ਏਮਨਾ ਕੁਮਾਰ ਨੇ । ਸਣੇ ਹਥਿਆਰ ਜਦੋਂ ਆਇਆ ਸੂਰਮਾ । ਗੋਦ ਬਿਚ ਬਹਿਣ ਨੂੰ । ਕਰੇ ਕਰਤਾਰ ਸਿੰਘ ਫੇਰ ਉਰਮਾ । ਤੇ ਸੁਣਾਵੇ ਗੌਣ ਨੂੰ । ਜੋਰਾ ਗਾਮਾ ਦੇਖੋ ਮੱਧਨ ਮਨੋਰ ਜੀ । ਕੇਹੜੇ ਤਕਰਾਰ ਨੇ । ਪਾਤਾ ਚੱਕਾ ਬੂਜ ਦੇ ਕਿਲ੍ਹੇ ਚਿ ਸ਼ੋਰ ਜੀ । ਏਮਨਾ ਕੁਮਾਰ ਨੇ ।

ਦੋਹਰਾ ॥ ਧੋਖੇ ਬਾਜੀ ਨਾ ਕਰੋ ਏਮਨਾ ਬਾਲ ਸੁਣਾਏ ॥
ਗੋਦ ਬਿਚ ਜਾ ਬੈਗਿਆ ਸੱਸਤ੍ਰ ਦਿਤੇ ਲਾਏ ।

ਕਬਿੱਤ ॥ ਜੋਧਨ ਪੁਕਾਰੇ ਜੈਦਰੱਥ ਨੂੰ ਉਚਾਰੇ ਕਾਤੋਂ ਬਖਤ ਗੁਜਾਰੇ ਐਸਾ ਬੇਲਾ ਹੱਥ ਆਣਾ ਨੀ । ਦੋਮਦਾ ਤਰੀੜ ਲਿਆ ਬਾਲਕਾ ਭਚੀੜ ਬਾਲ ਕਰਦਾ ਕਰੀੜ ਏਤਾਂ ਕਿਸੇ ਨੇ ਛਡੌਣਾ ਨੀ । ਕਰੀ ਧੋਖੇ ਬਾਜੀ ਤੇ ਨੌਸਰ ਖੇਲੀ ਤਾਜੀ ਹੋਏ ਕੈਰੋ ਸਭ ਰਾਜੀ ਅਬ ਸਸਤ੍ਰ ਉਠੌਣਾ ਨੀ । ਬਾਲਕਾ ਤੀ ਆਕੀ ਕੈਰੋ ਖੇਲਗੇ ਚਲਾਕੀ ਨਹੀਂ ਸੂਰਮੇ ਚ ਬਾਕੀ ਕਰਤਾਰ ਛੰਦ ਗੌਣਾ ਨੀ ।

ਕਬਿੱਤ ॥ ਚੱਕ ਤਲਵਾਰ ਜੈਦਰੱਬ ਲਲਕਾਰ ਕੇਰੀ ਸ਼ੇਰ ਜਿਉਂ ਬੰਗਾਰ ਕੈਂਦਾ ਦੇਖੋ ਮੇਰੀ ਝੱਟ ਜੀ । ਜੈਦਰੱਬ ਬੇਈਮਾਨ ਹੱਲੇ ਭੂਮੀ ਅਸਮਾਨ ਸੇਸ਼ ਨਾਗ ਗ਼ਸ਼ ਖਾਨ ਮਾਰੀ ਬਾਲਕੇ ਦੇ ਸੱਟ ਜੀ । ਰੁਸੇ ਗੁਰ ਧਾਰੀ ਮਾਧੋ ਕ੍ਰਿਸ਼ਨ ਮੁਰਾਰੀ ਆਈ ਬਾਲਕੇ ਦੀ ਹਾਰੀ ਦਿਤੇ ਅੰਗ ਸਾਰੇ ਕਟ ਜੀ । ਬਿਨਾਂ ਹਥਿਆਰ ਦੀਨਾ ਬਾਲਕੇ ਨੂੰ ਮਾਰ ਫੇਰ ਦੌੜਗੇ ਮੁਰਾਰ ਜੋਰਾ ਗਾਮਾ ਰਾਮ ਰਟ ਜੀ ॥

ਦੋਹਰਾ ॥ ਧੋਖੇ ਨਾਲ ਸੀ ਕੱਟਤੇ ਜੈਦਰਥ ਨੇ ਸਭ ਅੰਗ ॥
ਕ੍ਰਿਸ਼ਨ ਦੇਵ ਦੀ ਖੇਲ ਸੀ ਹਨ ਕੁਦਰਤ ਦੇ ਰੰਗ ॥

ਦੋਹਰਾ ॥ ਜਾ ਪਾਰਥ ਨੂੰ ਆਖਦਾ ਮਾਧੋ ਕ੍ਰਿਸ਼ਨ ਮੁਰਾਰ ॥
ਜੈਦਰਥ ਨੇ ਮਾਰਿਆ ਤੇਰਾ ਰਾਜ ਕੁਮਾਰ ॥

ਜਬਾਬ ਕ੍ਰਿਸ਼ਨ ਕਾ ਕੈਹਣਾ ਅਰਜਨ ਦੇਵ ਕੋ ॥

ਕੋਰੜਾ ਛੰਦ ॥ ਅਰਜਨ ਨੂੰ ਕੈਂਹਦੇ ਕ੍ਰਿਸ਼ਨ ਗੁਪਾਲ ਜੀ ।

Digitized by Panjab Digital Library | www.panjabdigilib.org

ਬੀਤਿਆ ਸਰਬ ਦਸਦਾ ਹਬਾਲ ਦਾ। ਕ੍ਰਿਸ਼ਨ ਘਨਈਆਂ ਮੁਖ ਚੋਂ ਉਚਾਰਿਆ। ਤੇਰਾ ਜੈਦਰਥ ਨੇ ਕੁੰਮਰ ਮਾਰਿਆ। ਰਚਿਆ ਦਰੋਣੇ ਕਿਲ੍ਹਾ ਚਕਾ ਬੂਜ ਜੀ। ਆਗਿਆ ਲੜਨ ਜੰਗ ਦੀ ਨਾ ਸੂਜ ਜੀ। ਕਿਲ੍ਹਾ ਰਚ ਫਿਰੇ ਜੋਧਨ ਹੰਕਾਰਿਆ। ਤੇਰਾ ਜੈਦਰੱਥ ਨੇ ਕੁੰਮਰ ਮਾਰਿਆ। ਕੈਂਦਾ ਤੀ ਭਣੋਈ ਮੇਰਾ ਜੈਦਰਥ ਜੀ। ਲਾਲ ਮਾਰ ਦਿਤਾ ਬੋ ਦਖਾ ਗਿਆ ਹੱਥ ਜੀ। ਓਨੇ ਨਾ ਸਕੀਰੀ ਦਾ ਪਰਨ ਧਾਰਿਆ। ਤੇਰਾ ਜੈਦਰੱਥ ਨੇ ਕੁੰਮਰ ਮਾਰਿਆ। ਸਾਕ ਜੋ ਸਰੀਕਾਂ ਦਾ ਕੀ ਲਗੇ ਆਪਦਾ। ਬੈਠੇ ਜਿਕੋਂ ਪੁਤਲਾ ਬਣਾਕੇ ਪਾਪ ਦਾ। ਗੋਦ ਚ ਬਠਾ ਕੇ ਬਾਲ ਕੱਟ ਡਾਰਿਆ। ਤੇਰਾ ਜੈਦਰਥ ਨੇ ਕੁੰਮਰ ਮਾਰਿਆ। ਗਸ਼ ਖਾ ਕੇ ਡਿਗਾ ਧਰਨੀ ਤੇ ਜਾਇਕੇ। ਅਰਜਨ ਕੋ ਲੈਂਗੇ ਕ੍ਰਿਸ਼ਨ ਉਠਾਇਕੇ। ਕੁਦਰਤ ਦਾ ਭਾਣਾ ਟਰਦਾ ਨੀ ਟਾਰਿਆ। ਤੇਰਾ ਜੈਦਰੱਥ ਨੇ ਕੁੰਮਰ ਮਾਰਿਆ। ਅਰਜਨ ਦੇ ਹੋਸ਼ ਤੇ ਹਵਾਸ ਭੁਲ ਗੇ। ਪੁਤ ਦਾ ਬਜੋਗ ਸੀਨੇ ਫਟ ਖੁਲ੍ਹਗੇ। ਜੋਰਾ ਗਾਮਾ ਜੋਸ਼ ਜਾਵੇ ਨਾ ਸਹਾਰਿਆ। ਤੇਰਾ ਜੈਦਰੱਥ ਨੇ ਕੁੰਮਰ ਮਾਰਿਆ।

ਦੋਹਰਾ ॥ ਓਦਰ ਤਾਂ ਰਣਵਾਸ ਮੈਂ ਸਰਬ ਕੀਰਨੇ ਪੌਣ ॥
ਮੰਦਰਾਂ ਮੇਂ ਪਟਰਾਣੀਆਂ ਕੂੰਜ ਬਾਂਗ ਕੁਰਲੌਣ ॥

ਭਵਾਨੀ ਛੰਦ ॥ ਸੁਣ ਲਿਆ ਜਦੋਂ ਅਭਮੰਨੂ ਮਰਿਆ। ਰਾਣੀਆਂ ਨੇ ਗੈਹਣਾ ਸਭ ਲਾਹਕੇ ਧਰਿਆ। ਟਸਾ ਟਸ ਨੇਤਰਾਂ ਚੋਂ ਜਾਂਦੇ ਨੀਰ ਨੇ। ਪੌਣ ਰਣਬਾਸ ਮੇਂ ਸਰਬ ਕੀਰਨੇ। ਭੀਮ ਮਾਰੇ ਟਕਰਾਂ ਕੰਧਾਂ ਦੇ ਨਾਲ ਜੀ। ਹੈਨੀ ਅੱਜ ਬੀਰ ਘਰ ਮੇਰੇ ਲਾਲ ਜੀ। ਮੁੜ ਕੇ ਨੀ ਔਣਾ ਅਭਮੰਨੂ ਬੀਰ ਨੇ। ਪੌਣ ਰਣਵਾਸ ਮੇਂ ਸਰਬ ਕੀਰਨੇ। ਪੋਤਰੇ ਦਾ ਦੁਖ ਦਾਦੀ ਧਾਹਾਂ ਮਾਰਦੀ। ਬਚੜੇ ਦੀ ਸੱਟ ਫਟ ਤਲਵਾਰ ਦੀ। ਤਨ ਮਨ ਮੋਹ ਲਿਆ ਬਾਲਕੇ ਪਠੀਰ ਨੇ। ਪੌਣ ਰਨਵਾਸ ਮੇਂ ਸਰਬ ਕੀਰਨੇ। ਭਾਣਜਾ ਤੀ ਬੇਟਾ ਕ੍ਰਿਸ਼ਨ ਗੁਪਾਲਦਾ। ਕਿਮੇਂ ਬਣ ਗਿਆ ਤੂੰ ਗਰਾਸ ਕਾਲਦਾ। ਬਸ ਕੀ ਕਿਸੇ ਦੇ ਘੇਰੇ

Digitized by Panjab Digital Library | www.panjabdigilib.org

ਤਕਦੀਰ ਨੇ। ਆਪਦਾ ਸਰੀਰ ਖੋਂਮਦੀ ਸੁਭੱਦਰਾਂ। ਪੌਣ ਰਣਵਾਸ ਮੇਂ ਸਰਬ ਕੀਰਨੇ। ਕ੍ਰਿਸ਼ਨ ਦੀ ਭੈਣ ਰੋਂਮਦੀ ਸੁਭੱਦਰਾਂ। ਹੋਣੀ ਨੇ ਚਲਾਏ ਕਾਲਜੇ ਚ ਤੀਰ ਨੇ । ਪੌਣ ਰਣਵਾਸ ਮੇਂ ਸਰਬ ਕੀਰਨੇ। ਸਿਰੋਂ ਪੱਟੇ ਬਾਲ ਹੋਂਮਦੀ ਦਰੋਬਤੀ । ਤਤੜੀ ਤੁਸਾਂ ਨੇ ਬੇਟਾ ਅੱਜ ਡੋਬਤੀ । ਗੋਦ ਵਿਚ ਬੈਠ ਚੁੰਗਣੇ ਨਾਸੀਰਨੇ । ਪੌਣ ਰਣਵਾਸ ਮੇਂ ਸਰਬ ਕੀਰਨੇ । ਤਾਏ ਆਪਦੇ ਨੂੰ ਦਿੰਦਾ ਤੀ ਦਲੇਰੀਆਂ । ਅੱਜ ਕੌਣ ਸੁਣੇ ਬੱਚਾ ਕੂਕਾਂ ਮੇਰੀਆਂ । ਨਕੁਲ ਸਤਿਦੇਵ ਰੋਂਮਦੇ ਅਖੀਰ ਨੇ । ਪੌਣ ਰਣਵਾਸ ਮੇਂ ਸਰਬ ਕੀਰਨੇ। ਸਾਕ ਅੰਗ ਪਾਂਡੋ ਦੇ ਤਮਾਮ ਰੋਂਮਦੇ । ਕੈਰਵ ਹੰਕਾਰੀ ਸਾਰੇ ਖੁਸ਼ੀ ਹੋਂਮਦੇ । ਜੋਰਾ ਰਾਮ ਬੈਠ ਰੋਂਮਦੇ ਬਜੀਰ ਨੇ। ਪੌਣ ਰਣਵਾਸ ਮੇਂ ਸਰਬ ਕੀਰਨੇ। ਦੋਹਰਾ॥ ਉਤਰਾਂ ਸੁਤਾ ਬਰਾਟ ਦੀ ਰਹੀ ਬਸੂਰੇ ਮਾਰ॥ ਪੱਟ ਪੱਟ ਸਿਟਦੀ ਮੇਡੀਆਂ ਲਾਹੇ ਹਾਰ ਛੰਗਾਰ॥

ਹਰ ਗੀਤ ਛੰਦ॥ ਉਤਰਾਂ ਧਾਹਾਂ ਮਾਰਦੀ ਹੈ ਮਾਰਦੀ ਕੀ ਲਾਜ ਬਣਾਮਾਂ, ਹੈ ਬਣਾਮਾਂ। ਮੁੜ ਮੇਲ ਨੀ ਹੋਬਣਾ, ਹੈ ਹੋਬਣਾ। ਮੈਂ ਔਸੀਆਂ ਪਾਮਾਂ। ਹੈ ਜੀ ਪਾਮਾਂ, ਨੱਥ ਸੁਹਾਗ ਦੀ ਲਾਗਿਆ, ਹੈ ਲਾਗਿਆ, ਲਾ ਧਰੀ ਹੈ ਕੰਡੀ । ਹੈ ਜੀ ਕੰਡੀ । ਅੱਜ ਤਾਂ ਮੇਰੇ ਬਾਲਮਾ, ਹੈ ਬਾਲਮਾ, ਜੀ ਮੈਂ ਕਰਤੀ ਰੰਡੀ। ਹੈ ਜੀ ਰੰਡੀ। ਰੂਹ ਨੂੰ ਮਰਜੂ ਭਟਕ ਕੇ ਹੈ ਭਟਕ ਕੇ ਮੁੜ ਮੇਲਾ ਨੀ ਹੋਣਾ। ਹੈਜੀ ਹੋਣਾ । ਤੈਨੂੰ ਤਾਂ ਹੈ ਸਰਗਿਆ ਹੈ ਸਰਗਿਆ ਪੱਲੇ ਪਾਤਾ ਰੋਣਾ । ਹੈਜੀ ਰੋਣਾ। ਰੱਬ ਡਾਡੇ ਨੇ ਲਾੜਿਆ, ਹੈ ਲਾੜਿਆ, ਤੇਰੀ ਉਮਰ ਨਾ ਛੱਡੀ। ਹੈਜੀ ਛੱਡੀ। ਅੱਜ ਤਾਂ ਮੇਰੇ ਬਾਲਮਾ, ਹੈ ਬਾਲਮਾ, ਮੈਂ ਕਰਤੀ ਰੰਡੀ। ਹੈ ਜੀ ਰੰਡੀ॥ ਉਮਰ ਬਿਛੋੜਾ ਪਾ ਗਿਆ ਮੇਰੀ ਇਕ ਨਾ ਮੰਨੀ, ਹੈ ਜੀ ਮੰਨੀ। ਚਾਚੇ ਤਾਏ ਰੋਂਮਦੇ। ਹੈ ਰੋਂਮਦੇ, ਤੇਰੇ ਲੱਗ ਕੰਨੀ। ਹੈਜੀ ਕੰਨੀ। ਮੈਂ ਤਾਂ ਤੈਨੂੰ ਬਰਜਿਆ, ਹੈ ਬਰਜਿਆ, ਮੌਤ ਨੇ ਭੰਨੀ ਘੰਡੀ। ਹੈ ਜੀ ਘੰਡੀ। ਅੱਜ ਤਾਂ ਮੇਰੇ ਬਾਲਮਾ, ਹੈ ਬਾਲਮਾ,

Digitized by Panjab Digital Library | www.panjabdigilib.org

ਮੈਂ ਕਰਤੀ ਰੰਡੀ। ਹੈ ਜੀ ਰੰਡੀ। ਮਾਤਾ ਤੇਰੀ ਲਾੜਿਆ ਰੋਂਦੀ ਝਲੀ ਨਾ ਜਾਂਦੀ। ਹੈ ਜੀ ਜਾਂਦੀ। ਬੁਰਾ ਬਛੋੜਾ ਮੌਤ ਦਾ ਹੈ ਮੌਤ ਦਾ ਰੋਵੇ ਤੇਰੀ ਦਾਦੀ। ਹੈ ਜੀ ਦਾਦੀ। ਪਿਤਾ ਤੁਮਾਰਾ ਸੂਰਮਾ ਜੀਹਦੀ ਹੋਗੀ ਭੰਡੀ, ਹੈਜੀ ਭੰਡੀ। ਅੱਜ ਤਾਂ ਮੇਰੇ ਬਾਲਮਾ, ਹੈ ਬਾਲਮਾ, ਮੈਨੂੰ ਕੀਤਾ ਰੰਡੀ ਹੈਜੀ ਰੰਡੀ। ਮੇਰਾ ਤੂੰ ਕਰਤਾਰ ਜੀ, ਕਰਤਾਰ ਜੀ ਕੋਈ ਕਰਜਾ ਹੀਲਾ। ਹੈਜੀ ਹੀਲਾ। ਤੇਰੇ ਬਾਝੋਂ ਅਮਰ ਜੀ, ਹੈ ਅਮਰ ਜੀ, ਮੇਰਾ ਕੌਣ ਬਸੀਲਾ, ਹੈ ਬਸੀਲਾ। ਜੋਰਾ ਬਾਸੀ ਅਰਖਦਾ, ਹੈ ਅਰਖ਼ ਦਾ, ਜੀਹਨੇ ਫੇਰੀ ਝੰਡੀ, ਹੈਜੀ ਝੰਡੀ। ਅੱਜ ਤਾਂ ਮੇਰੇ ਬਾਲਮਾ, ਹੈ ਬਾਲਮਾ ਮੈਂ ਤਾਂ ਕੱਰਤੀ ਰੰਡੀ ਹੈਜੀ ਰੰਡੀ॥

ਦੋਹਰਾ॥ ਹਸਤਨਾ ਪੁਰ ਮੇਂ ਪੌਚਗੇ ਪਾਂਡੋ ਨੰਦ ਕੁਮਾਰ॥
ਭਖਿਆ ਅਗਨ ਸਮਾਨ ਜੀ ਦੂਜੇ ਕਿਸ਼ਨ ਮੁਰਾਰ॥

ਬਿਗਟਾ ਛੰਦ॥ ਪਾਂਡੋ ਨੰਦਨ ਆਏ ਦੂਸਰੇ ਕ੍ਰਿਸ਼ਨ ਮੁਰਾਰੀਐ। ਔਣ ਤਾਤ ਦੇ ਕੋਲ ਜਰਾ ਨਾ ਡੇਰ ਗੁਜਾਰੀਐ। ਦਰਸ ਤਾਤ ਦੇ ਪੌਣ ਦੇਖ ਕੇ ਅਰਜਨ ਰੋਇਆ ਜੀ। ਮੁਝੇ ਬਤਾਓ ਬਾਤ ਤਾਤ ਕੀ ਕਾਰਨ ਹੋਇਆ ਜੀ। ਕਿਸ ਨੇ ਕਿਲ੍ਹਾ ਬਣਾਇਆ ਮੌਤ ਅਚਾਨਕ ਤੇਰੀ ਨੂੰ। ਭਸਮ ਬਣਾਦੂੰ ਪਲ ਮੇਂ ਨਾ ਮੈਂ ਲਾਮਾਂ ਡੇਰੀ ਨੂੰ। ਨਾਲ ਲੜਿਆ ਜੋ ਤੇਰੇ ਹੁਣ ਕਿਥੇ ਜਾ ਸੋਇਆ ਜੀ। ਮੁਝੇ ਬਤਾਓ ਬਾਤ ਤਾਤ ਕੀ ਕਾਰਨ ਹੋਇਆ ਜੀ। ਭਗਦੱਤ ਤੇ ਸੱਲ ਸੇਣ ਦੁਸਾਸਨ ਨੂੰ ਮੋੜੂੰ। ਸੁਕਨੀ ਤੇ ਦੁਰਜੋਧਨ ਗੁਰੂ ਦਰੋਣੇ ਨੂੰ ਰੋੜੂੰ। ਏ ਬਤਲਾ ਦੇ ਮੈਨੂੰ ਜਿਸਨੇ ਤੈਨੂੰ ਮੋਇਆ ਜੀ। ਮੁਝੇ ਬਤਾਓ ਬਾਤ ਤਾਤ ਕੀ ਕਾਰਨ ਹੋਇਆ ਜੀ। ਜੋ ਮਦਤ ਹੈ ਇਨਕੀ ਸਭ ਕੋ ਖਤਮ ਬਣਾਦੂੰਗਾ। ਜੈਦਰੱਥ ਨੂੰ ਸਾਥ ਬਾਣ ਅਸਮਾਨ ਚਲਾਦੂੰਗਾ। ਨਾਸ ਕਰਿਆ ਤਨ ਤੇਰਾ ਸੀਰ ਜਹਾਨੋਂ ਖੋਇਆ ਜੀ। ਮੁਝੇ ਬਤਾਓ ਬਾਤ ਤਾਤ ਕੀ ਕਾਰਨ ਹੋਇਆ ਜੀ। ਮੈਂ ਭੂੰਮੀ ਦਾ ਫੱਟ ਦੁਫੱਟ ਬਣਾਦੂੰ ਪਲਮੇਂ ਜੀ। ਕਹੇ ਸ਼ੇਰ ਕਰਤਾਰ ਭਾਜੜ ਪਾਦੂੰ ਦਲਮੇਂ ਜੀ। ਜੋਰਾ

Digitized by Panjab Digital Library | www.panjabdigilib.org

ਰਾਮ ਜੀ ਅਰਜਨ ਅਪਦਾ ਆਪ ਬਗੋਇਆ ਜੀ। ਮੁਝੇ ਬਤਾਓ ਬਾਤ ਤਾਤ ਕੀ ਕਾਰਨ ਹੋਇਆ ਜੀ।

ਜਬਾਬ ਅਭਮੰਨੂੰ ਕਾ ॥

ਕਬਿੱਤ ॥ ਪਾਂਡੋ ਨੰਦ ਤਾਈਂ ਸਭ ਦਸਦਾ ਹਬਾਲ ਬਾਲ ਸੁਣੋ ਮੇਰੇ ਪਿਤਾ ਕਹੇ ਏਮਨਾ ਕੁਮਾਰ ਜੀ। ਧੋਖੇ ਨਾਲ ਮੈਨੂੰ ਮੇਰੇ ਤਾਏ ਨੇ ਬਠਾਇਆ ਗੋਦ ਫੇਰ ਜੈਦਰੱਥ ਤਾਈਂ ਕਿਹਾ ਲਲਕਾਰ ਜੀ। ਅੰਗ ਕੱਟੇ ਪਿਤਾ ਜੈਦਰੱਥ ਨੇ ਜ਼ਰੂਰ ਮੇਰੇ ਮੰਗਿਆ ਮੈਂ ਪਾਣੀ ਅੱਡੀ ਧਰਲੀ ਮੁਖਾਰ ਜੀ। ਰੱਤ ਜੈਦਰੱਥ ਦਾ ਮੁਖਾਰ ਪਵੇ ਜੋਰਾ ਰਾਮਾ ਮੁਕਤੀ ਪਰਾਵਤ ਨੂੰ ਜਾਵੇ ਕਰਤਾਰ ਜੀ ॥

ਦੋਹਿਰਾ ॥ ਸੁਣ ਕੇ ਪਾਂਡੋ ਨੰਦ ਦੇ ਨੇਤਰ ਹੋਗੇ ਲਾਲ ॥
ਪਰਨ ਸੂਰਮਾ ਧਾਰਦਾ ਪੁਛੇ ਨਹੀਂ ਗੁਪਾਲ ॥

ਕੋਰੜਾ ਛੰਦ ॥ ਐਨੀ ਗਲ ਸੁਣ ਅਰਜਨ ਬਚਾਰਦਾ। ਜਾਂਮਦਾ ਨੀ ਦੁਖ ਝੱਲਿਆ ਕੁਮਾਰ ਦਾ। ਹੋ ਗਿਆ ਕਰੋਧ ਦੁਖੀ ਬੰਦ ਬੰਦ ਨੇ। ਧਾਰ ਲਿਆ ਪਰਨ ਦੇਖੋ ਪਾਂਡੋ ਨੰਦ ਨੇ। ਅਛਾ ਬੇਟਾ ਤੇਰਾ ਪਰਨ ਪੁਗਾਊਂਗਾ। ਰਤ ਜੈਦਰੱਥ ਦਾ ਮੁਖਾਰ ਪਾਊਂਗਾ। ਕੈਰਵਾਂ ਦੇ ਜਾਕੇ ਭੰਨ ਦੇਣੇ ਦੰਦ ਨੇ। ਕਰਿਆ ਪਰਨ ਦੇਖੋ ਪਾਂਡੋ ਨੰਦ ਨੇ। ਸੂਰਜ ਅਸਤ ਹੋਣੋ ਪੈਹਲਾਂ ਮਾਰਦੂੰ। ਨਹੀਂ ਤੇਰੇ ਸਾਥ ਮੈਂ ਸਰੀਰ ਜਾਰ ਦੂੰ। ਮਾਰ ਦੇਣੇ ਬੈਰੀ ਚਾੜ੍ਹ ਦੇਣੇ ਚੰਦ ਨੇ। ਧਾਰ ਲਿਆ ਪਰਨ ਦੇਖੋ ਮੱਤੀ ਮੰਦ ਤੇ। ਗੰਗਾ ਦੀ ਕਸਮ ਹਾਰਾਂ ਨਾ ਜੁਬਾਨ ਜੀ। ਚਿਖਾ ਚਣਵਾਕੇ ਤਜਦੂੰ ਪਰਾਨ ਜੀ। ਕੱਦ ਕੱਦ ਕੈਹਣਾ ਮੈਨੂੰ ਫਰਜੰਦ ਨੇ। ਧਾਰ ਲਿਆ ਪਰਨ ਦੇਖੋ ਮੱਤੀ ਮੰਦ ਨੇ। ਕਰਕੇ ਪਰਨ ਅਰਜਨ ਤੀ ਆਗਿਆ। ਕ੍ਰਿਸ਼ਨ ਗੁਪਾਲ ਨੂੰ ਬੀ ਪਤਾ ਲਾਗਿਆ। ਜੀਨੇ ਰਚ ਖੇਲ ਕੀਤੇ ਪਰਵੰਦ ਨੇ। ਧਾਰ ਲਿਆ ਪਰਨ ਦੇਖੋ ਪਾਂਡੋ ਨੰਦ ਨੇ। ਅਰਜਨ ਤੇ ਕੌੜ ਗਏ ਭਗਵਾਨ ਜੀ। ਕਰੀ ਕਰਤਾਰ ਕਾਸ ਤੌਂ ਜਬਾਨ ਜੀ। ਜੋਰਾ ਰਾਮ ਸ਼ੈਰ ਦੇ ਕਮਾਲ ਛੰਦ ਨੇ। ਧਾਰ

Digitized by Panjab Digital Library | www.panjabdigilib.org

ਲਿਆ ਪਰਨ ਦੇਖੋ ਪਾਂਡੋ ਨੰਦ ਨੇ ॥

ਦੋਹਰਾ ॥ ਕ੍ਰਿਸ਼ਨ ਕਹੇ ਸੁਣ ਅਰਜਨਾ ਕਰੀ ਕਸੂਤੀ ਗਲ ।
ਕੁਦਰਤ ਨੂੰ ਅਖਤਿਆਰ ਹੈ ਝਾਕ ਹਮਾਰੇ ਬਲ ।

ਖਿਆਲ ॥

ਕਹੇ ਭਗਵਾਨ ਅਰਜਨ ਦੇਵ ਕੋ ਪਰਨ ਕਸੂਤਾ ਧਾਰਿਆ ਤੈਂ । ਮੁਛਕਲ ਹੁੰਦਾ ਪ੍ਰਨ ਪਗੌਣਾ ਨਾ ਕੁਛ ਰਿਦੇ ਬਚਾਰਿਆ ਤੈਂ । ਨੇਮ ਨਿਜਮ ਔਰ ਸ਼ਰਤ ਹੈ ਮਾੜੀ ਕ੍ਰਿਸ਼ਨ ਦੇਵ ਜੀ ਕੌੜ ਗਏ । ਗੰਡੀਵ ਧਨਸ ਕੋ ਚਕਲੀਆ ਪਾਰਥ ਕਿਲ੍ਹੇ ਨੂੰ ਦੌੜ ਗਏ ॥

ਦੋਹਰਾ ॥ ਦੁਰਜੋਧਨ ਜੈਦਰੱਥ ਕੋ ਕਰੇ ਕਿਲ੍ਹੇ ਮੇਂ ਬੰਦ ॥
ਬਿਊ ਚੱਕਰ ਦੂਜਾ ਕਿਲ੍ਹਾ ਸੁਣੋ ਅਗਾੜੀ ਛੰਦ ॥

ਦੂਸਰਾ ਕਿਲ੍ਹਾ ਚੱਕਰ ਬਿਊ ਕਾ ਜਿਸ ਵਿਚ ਜੈਦਰੱਥ ਕੋ ਬੰਦ ਕਰਨਾ ਤੇ ਦਸ ਹਜਾਰ ਹਾਥੀਆਂ ਦਾ ਪੈਹਰਾ ਕਿਲ੍ਹੇ ਦੇ ਚਾਰ ਛਪੇਰੇ ਲਾਣਾ ॥

ਬੈਂਤ ॥ ਚੱਕਰ ਬਿਊ ਦਾ ਕਿਲ੍ਹਾ ਤਿਆਰ ਕੀਤਾ ਜੈਦਰੱਥ ਲੁਕੋਇਆ ਬਚਾਰ ਕਰਕੇ । ਐਰੋਪੱਤ ਬੀ ਦਸ ਹਜਾਰ ਲਿਆਕੇ ਪੈਹਰੇ ਕਿਲ੍ਹੇ ਤੇ ਲਾਏ ਲਵਤਾਰ ਕਰਕੇ । ਲੈ ਕੇ ਆਗਿਆ ਧਰਮ ਭਰਾਤ ਜੀ ਤੋ ਅਰਜਨ ਜਾਂਮਦਾ ਝੱਟ ਜੁਹਾਰ ਕਰਕੇ । ਗੰਡੀਵ ਧਨਸ ਜੂੰ ਚੱਕਿਆ ਸੂਰਮੇ ਨੇ ਪਾਸ ਕਿਲ੍ਹੇ ਦੇ ਗਿਆ ਸੁਧਾਰ ਕਰਕੇ। ਅਰਜਨ ਕੰਬ ਗਿਆ ਦੇਖਕੇ ਹਾਥੀਆਂ ਨੂੰ ਏਤਾਂ ਮਰਨ ਨਾ ਕਹੇ ਉਚਾਰ ਕਰਕੇ। ਚਾਰ ਪੈਹਰ ਦੇ ਬਿਚ ਏ ਮੁਕਣੇ ਨਾ ਅਸਤ ਹੋਣਗੇ ਰਵੀ ਨਿਹਾਰ ਕਰਕੇ । ਮੁੜ ਕੇ ਆਗਿਆ ਸਾਰੇ ਪ੍ਵਾਰ ਕੋਲੇ ਅਰਜਨ ਕਹੇ ਮੈਂ ਆਗਿਆ ਹਾਰ ਕਰਕੇ। ਐਰੋਪੱਤ ਨੇ ਦਸ ਹਜਾਰ ਪਹਿਰੇ ਮੈਂਤੇ ਮਰਨ ਨਾ ਕਹੇ ਪੁਕਾਰ ਕਰਕੇ । ਚੰਨਣ ਚਿਖਾ ਚਣਵਾਇਕੇ ਐਸ ਵੇਲੇ ਮੈਨੂੰ ਫੂਕਦੋ ਅਗਨੀ ਤੁਮ ਜਾਰ ਕਰਕੇ। ਕੋਲੇ ਖੜਾ ਤੀ ਭੀਮ ਬਲਵਾਨ ਜੋਧਾ ਕਹੇ ਅਰਜਨ ਕੋ ਸੂਰਾ ਲਲਕਾਰ ਕਰਕੇ। ਇਕ ਘੰਟੇ ਚ ਕਿਲ੍ਹੇ ਨੂੰ ਕਰੂੰ ਬੇਲਾ ਤੋਰੇ ਭੀਮ

Digitized by Panjab Digital Library | www.panjabdigilib.org

ਨੂੰ ਖੂਪ ਹੁਸ਼ਿਆਰ ਕਰਕੇ । ਜੋਰਾ ਰਾਮ ਜੀ ਕਿਲ੍ਹੇ ਦੇ ਪਤ ਪੌਂਚੇ ਕਰਤਾਰ ਸਿੰਘ ਪਰ ਹੌਸਲਾ ਧਾਰ ਕਰਕੇ ॥

ਦੋਹਰਾ ॥ ਐਰੋਪੱਤ ਜਦ ਦੇਖਲੇ ਚੜ੍ਹੇ ਭੀਮ ਕੋ ਲੋਰ ॥
ਦੂਜੇ ਮੰਨ ਮੇਂ ਰੱਟ ਲਏ ਮਾਧੋ ਨੰਦ ਕਸ਼ੋਰ ॥

ਬਿਗਟਾ ਛੰਦ ॥ ਲਿਆ ਧਾਰ ਕਰੋਧ ਭੀਮ ਦੇ ਨੈਣੋ ਮੇਂ ਲਾਲੀ। ਇਕ ਘੰਟੇ ਦੇ ਬੀਚ ਕਿਲ੍ਹੇ ਨੂੰ ਕਰਨਾ ਹੈ ਖਾਲੀ । ਮਾਧੋ ਬੰਸੀ ਵਾਲੇ ਨੂੰ ਫਿਰ ਰਿਦੇ ਮਨੌਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ। ਹੋਇਆ ਖੂਪ ਹੁਸ਼ਿਆਰ ਭੀਮ ਕਛੂਏ ਨੂੰ ਪਾਕੇ ਜੀ। ਕੋਈ ਮੂਹਰੇ ਨੀ ਖੜਦਾ ਸੂਰਾ ਪਿਆ ਉਠਾਕੇ ਜੀ। ਫੜ ਪੂਛ ਤੋਂ ਫੈਂਕੇ ਡੇਰ ਨਾ ਮੂਲ ਲਗੌਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ। ਦੈਂਤ ਬਾਂਕਾ ਸੂਰ ਮਾਰਿਆ ਦੂਸਰੇ ਦੇਖ ਜਰਾਸਿੰਦ ਜੀ। ਕਰੀ ਹੜੱਬਾ ਬੰਸ ਮੇਂ ਨਾਰੀ ਲਾਈ ਨਾ ਬਿੰਦ ਜੀ। ਮੇਘ ਮਲ ਕੋ ਮਾਰਿਆ ਜੇੜਾ ਰਸਤ ਮਰੌਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ। ਸੁੰਡ ਪਕੜ ਕਰ ਫੈਂਕੇ ਚੀਕਾਂ ਹਾਥੀ ਮਾਰ ਰਹੇ। ਪਾ ਦੀਨਾ ਘਮਸਾਣ ਭੀਮ ਨੇ ਹੋਤ ਲਚਾਰ ਰਹੇ। ਮੁੜ ਭੂਮੀ ਤੇ ਹੱਸਤੀ ਕੋਈ ਨਹੀਂ ਦਸੌਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ। ਗਰਦ ਗੁਬਾਰ ਉਠਾਤੀ ਔਂਦਾ ਅੰਤ ਸੁਮਾਰ ਨਹੀਂ । ਭੀਮ ਤੁਲ ਕੋਈ ਜੋਧਾ ਹੋਣਾ ਐ ਸੰਨਸਾਰ ਨਹੀਂ। ਨੇਕਾਂ ਰਾਖਸ ਮਾਰੇ ਅੰਤ ਕੋਈ ਨਾ ਔਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ । ਜਿਉ ਬੂਈ ਦਾ ਛਾਰ ਉਡਾਤੇ ਹਸਤ਼ੀ ਸਾਰੇ ਜੀ। ਤੋਪ ਬੰਦੂਖਾਂ ਬੰਬ ਤੀਰ ਨੇ ਨੇਜੇ ਭਾਰੇ ਜੀ। ਪੌਣ ਸੁਤ ਬਲਵਾਨ ਪੌਣ ਜਿਉ ਸਰਬ ਗਮੌਂਦਾ ਹੈ। ਫੜ ਫੜ ਹਾਥੀ ਭੀਮ ਸੈਨ ਅਸਮਾਨ ਚਲੌਂਦਾ ਹੈ। ਬਿਊ ਚੱਕਰ ਦਾ ਕਿਲ੍ਹਾ ਭੀਮ ਨੇ ਖਾਲੀ ਸੀ ਕਰਤਾ। ਕਹੇ ਕਰਤਾਰ ਕਵੀਸ਼ਰ ਭਾਣਾ ਲਿਖਿਆ ਨੀ ਟਰਤਾ। ਜੋਰਾ ਰਾਮ ਜੀ ਭਜਨ ਹਰੀ ਹਰ ਹਰ ਗੌਂਦਾ ਹੈ। ਫੜ ਫੜ

Digitized by Panjab Digital Library | www.panjabdigilib.org

ਹਾਥੀ ਭੀਨ ਸੈਨ ਅਸਮਾਨ ਚਲੌਂਦਾ ਹੈ॥

ਕੋਰੜਾ ਛੰਦ॥ ਚਰਨਾਂ ਦੇ ਹੱਥ ਲਾਂਮਦਾ ਮਰਾਰ ਕੇ। ਚਕਲੇ ਧਨਸ ਬਾਣ ਨਛਕਾਰ ਕੇ। ਨਾਲੇ ਰਾਮ ਰਾਮ ਸਾਸ ਸਾਸ ਕਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਪਾਰਥ ਕਿਲ੍ਹੇ ਦੇ ਬਿਚ ਜਾ ਕੇ ਬੜਿਆ। ਸੂਰਮੇ ਨੂੰ ਬਹੁਤ ਹੀ ਕਰੋਧ ਚੜ੍ਹਿਆ। ਜੁਧ ਬਲੋਂ ਪਾਰਥ ਕਦੇ ਨੀ ਡਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਕਿਲ੍ਹੇ ਬਿਚ ਫਿਰੇ ਲਲਕਾਰੇ ਮਾਰਦਾ। ਛਡਕੇ ਨੀ ਜਾਂਦਾ ਪਾਰਥ ਪੁਕਾਰਦਾ। ਚੜ੍ਹਿਆ ਕਰੋਧ ਨੈਣੋਂ ਪਾਣੀ ਝਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਥਰਨ ਥਰਨ ਜੈਦਰੱਥ ਕੰਮਦਾ। ਆਗੀ ਮੌਤ ਨੇੜੇ ਹੌਲ ਪੈ ਗਿਆ ਗੰਮਦਾ। ਨੂਣ ਦੇ ਸਮਾਨ ਜਾਵੇ ਪਾਪੀ ਖਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਟੋਲ ਲਿਆ ਸਾਰੇ ਤੇ ਨਜ਼ਰ ਔਂਦਾ ਨੀ। ਫਿਰਦਾ ਬਥੇਰਾ ਸੂਰਮਾ ਦਸੌਂਦਾ ਨੀ। ਪੱਤ ਪੱਤ ਕਰ ਲਿਆ ਸਰਬ ਦਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਸੋਚਦਾ ਅਰਜਨ ਚਾਰ ਗਏ ਬਜ ਜੀ। ਜੈਦਰੱਥ ਬੈਰੀ ਮਰਦਾ ਨਾ ਅੱਜ ਜੀ। ਕਹੇ ਭਗਵਾਨ ਓਹਨੀ ਤੈਤੋ ਮਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਕਰਲੈ ਜ਼ਰੂਰ ਮੰਨਾ ਕੋਈ ਹੀਲਾ ਤੂੰ। ਪਾਰਥ ਦਾ ਬਿਲਕੁਲ ਹੈ ਬਸੀਲਾ ਤੂੰ। ਹੀਲਾ ਕਰੇ ਬਾਜ ਨੀ ਕਦੇ ਬੀ ਸਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਕਰਿਆ ਅਸਤ ਰਵੀ ਭਗਵਾਨ ਨੇ। ਆਜਾ ਤੂੰ ਬਾਹਰ ਆਖਦੇ ਬਖਾਨ ਨੇ। ਹਾਰਨਾ ਪਰਨ ਹੈ ਮਰਨ ਨਰ ਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ। ਆਗਿਆ ਬਾਹਰ ਨਾ ਲਗਾਈ ਡੇਰ ਜੀ। ਸੂਰਮੇ ਨੇ ਦਿਤੇ ਨੇ ਧਨਸ ਗੇਰ ਜੀ। ਜੋਰਾ ਰਾਮ ਅਗਲਾ ਹਬਾਲ ਭਰਦਾ। ਫਿਰੇ ਜੈਦਰੱਥ ਦੀ ਤਲਾਸ਼ ਕਰਦਾ॥

ਦੋਹਰਾ॥ ਬਾਣ ਗੇਰ ਕਰ ਖੜਗਿਆ ਜਰਾ ਨਾ ਲਾਈ ਡੇਰ॥
ਹੋ ਗਿਆ ਅੱਤੀ ਉਦਾਸ ਜੀ ਸਿਆਮ ਆਖਦੇ ਫੇਰ॥

ਕਬਿੱਤ॥ ਕੈਂਹਦਾ ਕ੍ਰਿਸ਼ਨ ਮੁਰਾਰੀ ਗੱਲ ਸੁਣ ਤੂੰ ਹਮਾਰੀ

Digitized by Panjab Digital Library | www.panjabdigilib.org

ਤੂੰ ਐਂ ਜੋਧਾ ਬਲਕਾਰੀ ਅੱਜ ਕਾਤੋਂ ਡੋਲਜੀ। ਛਤਰੀ ਕਰਮ ਇਹ ਨੀ ਸੂਰੇ ਦਾ ਧਰਮ ਦੇਖ ਗਿਆਨ ਤੂੰ ਬਰਮ ਛੀਏ ਚਾਰ ਕੈਂਹਦੇ ਬੋਲ ਜੀ। ਲਾਵੇ ਸਾਧੂ ਜੇ ਸਮਾਧੀ ਰੱਖ ਸਾਰੀ ਚੀਜ਼ ਆਧੀ ਝੋਲੀ ਫੌੜੀ ਸੰਗ ਨਾਧੀ ਰਖੇ ਚਿਮਟੇ ਨੂੰ ਕੋਲ ਜੀ । ਕਹੈ ਭਗਵਾਨ ਓਨੀ ਹੁੰਦਾ ਅਨਸਾਨ ਝੱਟ ਚਕਲਿਆ ਬਾਨ ਜੋਰਾ ਰਾਮਾ ਨਹੀਂ ਓਲ ਜੀ॥

ਕਬਿੱਤ॥ ਅਰਜਨ ਨੇ ਚਿਖਾ ਚਣਵਾਇਕੇ ਬਖਤ ਓਸੇ ਬੈਠ ਗਿਆ ਬਿਚ ਕੰਮ ਕਰ ਦਿਤਾ ਦੈਰ ਜੀ। ਧਰਮ ਜੁਦਿਸਟਰ ਨੂੰ ਕਹੇ ਭਗਵਾਨ ਬੋਲ ਅਗਨੀ ਨਾ ਜਾਰੋ ਮੇਰੇ ਆਇ ਤੇ ਬਗ਼ੈਰ ਜੀ। ਕੈਰੋਂ ਖੁਸ਼ੀਆਂ ਮਨੌਣ ਹੁਣ ਲੜੂ ਆ ਕੇ ਕੌਣ ਬਸ ਹੋਣ ਚੌਦਾਂ ਭੌਣ ਕੋਈ ਲੜਦਾ ਨਾ ਗੈਰ ਜੀ। ਜੈਦਰੱਥ ਦੇਖ ਸੱਚ ਗੱਲ ਕਰਦਾ ਨੀ ਕੱਚ ਬੈਰੀ ਰਿਹਾ ਤੇਰਾ ਮਚ ਕਹੇ ਜੋਰਾ ਰਾਮ ਸੈਰ ਜੀ॥

ਦੋਹਰਾ॥ ਜੈਦਰੱਥ ਨੂੰ ਕਿਲ੍ਹੇ ਚੋਂ ਲਿਆਏ ਬਾਹਰ ਮੁਰਾਰ॥
ਸੂਰਜ ਉਦੇ ਬਣਾਦੀਆ ਚਕਰ ਲੀਆ ਸੁਹਾਰ॥

ਕੋਰੜਾ ਛੰਦ॥ ਰਵੀ ਨੰਗ ਕਰ ਰਹੇ ਭਗਵਾਨ ਨੇ। ਪਾਂਡੋ ਨੰਦ ਓਦੀ ਲਾਂਮਦੇ ਧਿਆਨ ਨੇ। ਫੇਰ ਮੌਕਾ ਕੱਢ ਆਖਦੇ ਕਸ਼ੋਰ ਜੀ। ਦਿਤਾ ਜਮ ਲੋਕ ਦੀ ਪੁਰੀ ਨੂੰ ਤੋਰ ਜੀ । ਅਰਜਨ ਨੇ ਜਿਸ ਵੇਲੇ ਤੀਰ ਛਡਿਆ। ਸੀਸ ਜੈਦਰੱਥ ਦਾ ਤੁਰਤ ਬਡਿਆ। ਭਜ ਚੱਲੇ ਕੈਰੌਂ ਪਿਆ ਅੰਧ ਘੋਰ ਜੀ। ਦਿਤਾ ਜਮ ਲੋਕ ਦੀ ਪੁਰੀ ਨੂੰ ਤੋਰ ਜੀ। ਸੀਸ ਭੌਂਦਾ ਫਿਰੇ ਬਿਚ ਅਸਮਾਨ ਦੇ। ਜਾਮਾਂ ਬਲਿਹਾਰੇ ਸ੍ਰੀ ਭਗਵਾਨ ਦੇ। ਕਰੇ ਨੇਕਾਂ ਖੇਲ ਮਦਨ ਮਨੋਹਰ ਜੀ । ਦਿਤਾ ਜਮ ਲੋਕ ਦੀ ਪੁਰੀ ਨੂੰ ਤੋਰ ਜੀ। ਬੇਈਮਾਨ ਪਾਪੀ ਧੋਖੇ ਬਾਜੀ ਕਰੀ ਤੈਂ। ਕਰਨੀ ਦੇ ਫਲ ਕੀਤੀ ਆਪੇ ਭਰੀ ਤੈਂ। ਜੈਸੀ ਕਰੂ ਭਰੂ ਭਰਦਾ ਨਾ ਹੋਰ ਜੀ। ਦਿਤਾ ਜਮ ਲੋਕ ਦੀ ਪੁਰੀ ਨੂੰ ਤੋਰ ਜੀ । ਚੀਲ ਮਾਂਗੂ ਭੌਂਦਾ ਬਿਚ ਅਸਮਾਨ ਦੇ। ਸੀਸ ਟੰਗ ਦਿਤਾ ਥੀ ਉਪਰ ਬਾਣ ਦੇ। ਏਮਨਾ ਕੁਮਾਰ ਬਾਲਾ ਕਢੇ ਖੋਰ ਜੀ। ਦਿਤਾ ਜੱਮ ਲੋਕ ਦੀ ਪੁਰੀ ਨੂੰ ਤੋਰ ਜੀ।

Digitized by Panjab Digital Library | www.panjabdigilib.org

ਸੁਣੋ ਜੈਦਰੱਥ ਦੇ ਪਿਤਾ ਦਾ ਹਾਲ ਜੀ । ਸੂਰਜ ਦੀ ਸੰਧਿਆ ਕਰਦਾ ਕਮਾਲ ਜੀ। ਰਖੇ ਪਰਤਗਿਆ ਲਗਾਵੇ ਜੋਰ ਜੀ । ਦਿਤਾ ਜੱਮ ਲੋਕ ਦੀ ਪੁਰੀ ਨੂੰ ਤੋਰ ਜੀ। ਜੁਧ ਹੋਵੇ ਅਜ ਪਾਂਡਵਾਂ ਦੇ ਸੰਗ ਜੀ। ਦੋਮਾਂ ਨਾ ਲਗਣ ਪੁਤਰ ਨੂੰ ਪੰਗ ਜੀ। ਓਹਨਾਂ ਦੇ ਵੀ ਸੰਗ ਮਖਣੀ ਦਾ ਚੋਰ ਜੀ। ਦਿਤਾ ਜੱਮਲੋਕ ਦੀ ਪੁਰੀ ਨੂੰ ਤੋਰ ਜੀ । ਜਦੋਂ ਸੀਸ ਮੁੜ ਭੂਮੀ ਉਤੇ ਆਇਆ ਹੈ। ਓਦੋਂ ਸਹਿਦੇਬ ਨੇ ਧਿਆਨ ਲਾਇਆ ਹੈ। ਖਿਚ ਦਿਤੀ ਜੋਧੇ ਨੇ ਧਨਸ ਡੋਰ ਜੀ। ਦਿਤਾ ਜਮਲੋਕ ਦੀ ਪੁਰੀ ਨੂੰ ਤੋਰ ਜੀ। ਓਸ ਦੇ ਹੱਥਾਂ ਦੇ ਬਿਚ ਸੀਸ ਮਾਰਿਆ । ਸੀਸ ਝਟ ਓਸ ਦੇ ਪਿਤਾ ਦਾ ਤਾਰਿਆ। ਪਿਤਾ ਪੁਤ ਦੋਮੇਂ ਤੋਰ ਦਿਤੇ ਢੋਰ ਜੀ। ਦਿਤੇ ਜਮਲੋਕ ਦੀ ਪੁਰੀ ਨੂੰ ਤੋਰ ਜੀ। ਲੀਲ੍ਹਾ ਭਗਵਾਨ ਦੀ ਦਾ ਅੰਤ ਔਂਦਾ ਨੀ। ਛੰਦ ਕਰਤਾਰ ਕਿੱਸੇ 'ਚ ਬਦੌਂਦਾ ਨੀ । ਜੋਰਾ ਰਾਮਾ ਰਟ ਲੈ ਮੁਕਟ ਮੋਰ ਜੀ। ਦਿਤਾ ਜਮਲੋਕ ਦੀ ਪੁਰੀ ਨੂੰ ਤੋਰ ਜੀ।

ਦੋਹਰਾ—ਫਾਹਾ ਬਡਤਾ ਦੋਹਾਂ ਦਾ ਨਹੀਂ ਕਰੀ ਤੀ ਡੇਰ ॥
ਕੈਰੋਂ ਸਰਬ ਭਧਾਰਗੇ ਪਾਂਡੋ ਅਤੀ ਦਲੇਰ ॥

ਕਬਿੱਤ ॥ ਪਾਂਡੋਂ ਬਲਵਾਨ ਭਗਵਾਨ ਦੀ ਮਦਤ ਨਾਲ ਜੈਦਰੱਥ ਪਾਪੀ ਦਿਤਾ ਛਿੰਨ ਮੇਂ ਸ਼ੰਗਾਰ ਜੀ। ਛੇਤੀ ਚਕ ਰਤ ਹੈ ਰਵਾਨ ਹੋਇਆ ਪਾਂਡੋ ਸੁਤ ਬਾਲਕੇ ਦੇ ਝਟ ਜਾਕੇ ਪਾਂਮਦਾ ਮੁਖਾਰ ਜੀ । ਕਰਿਆ ਪਰਨ ਪੂਰਾ ਹੋ ਗਿਆ ਦੋਹਾਂ ਦਾ ਹੁਣ ਆਪ ਦੀ ਅਮਾਨਤ ਨੂੰ ਲੈ ਗਏ ਮੁਰਾਰ ਜੀ । ਰਾਮ ਰਾਮ ਰਾਮ ਪ੍ਰਨਾਮ ਕਰ ਜੋਰਾ ਰਾਮਾ ਭੌਰ ਛਡ ਲਾਸ਼ ਨੂੰ ਉਡਾਰੀ ਗਿਆ ਮਾਰ ਜੀ।

ਦੋਹਰਾ ॥ ਸੰਪੂਰਣ ਭਈ ਕੁਤਾਬ ਜੀ ਆਦ ਅੰਤ ਭਰਭੂਰ ॥
ਜੋ ਬਿਚ ਰਹੀ ਕਸੂਰ ਜੀ ਲੈਣ ਬਖਸ਼ ਜਰੂਰ ॥

ਦੋਹਰਾ ॥ ਪੂਰਨ ਚੰਦ ਗੁਰਦੇਵ ਜੀ ਹੈ ਮੇਰਾ ਅਸਤਾਜ ॥
ਮੈਂ ਮਤ ਹੀਨ ਗਰੀਬ ਦੇ ਭਏ ਸੰਪੂਰਨ ਕਾਜ ॥

ਦੋਹਰਾ ॥ ਮੂੜ ਮਤੀ ਨਾ ਸਾਰ ਜੀ ਹਾਂ ਸਭਨਾਂ ਕਾ ਦਾਸ ॥

Digitized by Panjab Digital Library | www.panjabdigilib.org

ਜੋਰਾ ਰਾਮ ਜੀ ਨਾਮ ਹੈ ਮਾਲਾ ਕਰਾਂ ਨਵਾਸ ॥

ਪਤਾ—ਕਰਤਾਰ ਸਿੰਘ ਕਵੀਸ਼ਰ ਦਾ ॥

ਦੋਹਰਾ ॥ ਨਗਰ ਘਰਾਂਚੋਂ ਗਾਮ ਹੈ ਕਰਤਾਰ ਸਿੰਘ ਹੈ ਨਾਮ ॥
ਆਸਾ ਰਾਮ ਜੋੜੀਦਾਰ ਹੈ ਰਹਿੰਦਾ ਬਿਚ ਸੁਨਾਮ ॥

ਬੈਂਤ ॥ ਘਰਾਂਚੋਂ ਪਿੰਡ ਕਰਤਾਰ ਦਾ ਸਮਝ ਲੈਣਾ ਸਾਰੇ ਦੇਸ਼ ਦੇ ਬਿਚ ਮਸ਼ਹੂਰ ਹੈਜੀ । ਹੈਨੀ ਅੰਤ ਹਸਾਬ ਹਬੇਲੀਆਂ ਦਾ ਘਰਾਂਚੋਂ ਪਿੰਡ ਦਾ ਚੰਗਾ ਦਸਤੂਰ ਹੈਜੀ। ਡਾਕ ਖਾਨਾ ਘਰਾਂਚੋਂ ਮੇਂ ਖਾਸ ਜਾਣੋ ਜ਼ਿਲਾ ਦਾਸ ਨੂੰ ਲੱਗੇ ਸੰਗਰੂਰ ਹੈਜੀ । ਮੇਲਾ ਕੁਟੀ ਦਾ ਲਗਦਾ ਪਿੰਡ ਸਾਡੇ ਕੱਠ ਹੋਮਦਾ ਬਹੁਤ ਜਰੂਰ ਹੈਜੀ। ਬਾਰਾਂ ਪਿੰਡਾਂ ਜਾ ਗੋਤ ਘਮਾਨ ਸਮਝੋ ਚੋਰ ਠਗ ਦਾ ਕਢਦੇ ਘੂਰ ਹੈਜੀ। ਆਵੇ ਛੜਕ ਪਟਿਆਲੇ ਤੋਂ ਖਾਸ ਸਿਧੀ ਅੱਡੇ ਸਾਡੇ ਚਾਹ ਦੇ ਤੰਦੂਰ ਹੈਜੀ। ਲਗੀ ਬਿਜਲੀ ਆਨ ਹਰ ਇਕ ਘਰਮੇਂ ਦਿਸੇ ਰੋਸ਼ਨੀ ਦੂਰ ਤੋਂ ਦੂਰ ਹੈਜੀ। ਸਾਡੇ ਗਭਰੂ ਫੁਲ ਗੁਲਾਬ ਦੇ ਨੇ ਮੁਖ ਉਤੇ ਬਸੇਦੜਾ ਨੂਰ ਹੈਜੀ। ਸਿਫ਼ਤ ਹੋਵੇ ਨਾ ਦਾਸ ਕਰਤਾਰ ਸਿੰਘਾ ਨਹੀਂ ਦਾਸ ਨੂੰ ਅਕਲ ਸ਼ਹੂਰ ਹੈਜੀ ॥

ਮਿਤਰ ਨਾਮਾ ॥

ਕਬਿੱਤ ॥ ਬਖਸ਼ੀ ਬਾਲੇ ਬਿਚ ਭਾਈ ਅਰਜਨ ਨਵਾਸ ਕਰੇ। ਛੋਟੇ ਜੋ ਬਨੇਰੇ ਗੁਰਦਿਆਲ ਸਿੰਘ ਖਾਸ ਰੇ। ਸੁਰਤੂ ਤੇ ਕੌਰ ਬਖਤੌਰ ਰੌਂਦੇ ਮੁਣਸੀ ਵਾਲੇ ਅਮਰ ਕਰਹਾਲੀ ਵਿਚ ਕਰਦਾ ਨਵਾਸ ਰੇ । ਰੈਮਤ ਦੇ ਗਾਮਾ ਅਮਰ ਸੱਕੇ ਨੇ ਭਰਾ ਤਿੰਨੇ ਦੋਬਰ ਛਕੀਨ ਤਿੰਨੇ ਫਸਟ ਕਲਾਸ ਰੇ। ਭਾਨ ਤੇ ਚੰਨਣ ਸਿੰਘ ਕਬਤਾ ਛਪੌਣ ਚੰਗੀ ਕਹੇ ਕਰਤਾਰ ਭੁਲ ਦੇ ਨਾ ਇਕ ਸਾਸ ਰੇ ॥

ਸ਼ਗਿਰਦ ਨਾਮਾ ॥

ਬੈਂਤ ॥ ਜੋਰਾ ਸਿੰਘ ਚੇਲਾ ਬਾਸੀ ਅਰਖ ਹੈਜੀ ਬਿਚ ਖਾੜੇ ਦੇ ਸਜੇ ਜੁਆਨ ਹੈਜੀ। ਜੋਰਾ ਸਿੰਘ ਦੀ ਹੁੰਦੀ ਤਰੀਫ ਨਾਹੀਂ ਬੋਲ ਜੋਰੇ ਦਾ ਕੋਲ ਸਮਾਨ ਹੈਜੀ । ਜੀਤ ਸਿੰਘ ਗੁਰਦੇਵ ਬੀ ਜਾਣ ਓਥੇ

Digitized by Panjab Digital Library | www.panjabdigilib.org

ਗੁਰਦੇਵ ਸਿੰਘ ਕਾਬ ਬਣਾਨ ਹੈਜੀ। ਜੀਤ ਸਿੰਘ ਜਗੀਰ ਸੁਜਾਣ ਦੋਮੇਂ ਢੰਡੋਲੀ ਪਿੰਡ ਮੇਂ ਕਰੋ ਧਿਆਨ ਹੈਜੀ। ਨਦਾਮ ਪੁਰ ਹੈ ਗਜਣ ਦਾ ਪਿੰਡ ਭਾਈ ਭੇਡ ਪੁਰੀ ਸੁਚਾ ਪੜੋ ਬਿਆਨ ਹੈਜੀ। ਮੇਹਰ ਸਿੰਘ ਬਚਨਾ ਬੰਤ ਸਿੰਘ ਤੀਜਾ ਮਾਲਾ ਪਿੰਡ ਮੇਹਰ ਚੰਦੇ ਗਾਨ ਹੈਜੀ। ਬਖਸ਼ੀ ਵਾਲੜੇ ਬਿਚ ਨੇ ਚਾਰ ਚੇਲੇ ਨਾਮ ਓਨਾਂ ਦੇ ਕਹਾਂ ਬਖਾਨ ਹੈਜੀ। ਸਿਵਰਾਮ ਤੇ ਤੇਜਾ ਸਿੰਘ ਜਾਣ ਦੂਜਾ ਰੱਵੀ ਸਿੰਘ ਕਿਰਪਾਲ ਭਰ-ਦਾਨ ਹੈਜੀ। ਗੁਰਦੇਵ ਮਿਹੰਦਰ ਗੁਲਾਬ ਦੇ ਫੂਲ ਦੋਮੇਂ ਬਧੀਆ ਛੰਦ ਰਸੀਲੜੇ ਗਾਨ ਹੈਜੀ। ਕੌਮ ਰੱਖੇ ਪਰਮਾਤਮਾ ਸਾਰਿਆਂ ਨੂੰ ਰੱਖਣ ਦਾਸ ਦਾ ਸਬੜੇ ਮਾਨ ਹੈਜੀ। ਪੂਰਨ ਚੰਦ ਗੁਰਦੇਵ ਦੇ ਲਗ ਚਰਨੀ ਸਾਰ ਲਊ ਕਰਤਾਰ ਭਗਵਾਨ ਹੈ॥

ਦੋਹਰਾ॥ ਮਾਲਕ ਇਸ ਕਤਾਬ ਦਾ ਜੋਧ ਸਿੰਘ ਸਰਦਾਰ॥
ਹਮਰਾ ਕੁਛ ਦਾਵਾ ਨਹੀਂ ਕਹੇ ਸੈਰ ਕਰਤਾਰ॥

ਕਬਿੱਤ॥ ਸੈਹਰ ਪਟਿਆਲੇ ਬਿਚ ਚਲਦੀ ਦੁਕਾਨ ਭਾਰੀ ਨਾਮ ਜੋਧ ਸਿੰਘ ਭਾਗਮਾਨ ਸਰਦਾਰ ਜੀ। ਗੁਰੂ ਗ੍ਰੰਥ ਸਾਹਿਬ ਡੈਰੀ ਜੰਤਰੀ ਹਰੇਕ ਮਾਲ ਕਿੱਸੇ ਤੇ ਕਹਾਣੀਆਂ ਦਾ ਅੰਤ ਨਾ ਸ਼ੁਮਾਰ ਜੀ। ਮੰਗਦਾ ਨਾ ਬਦ ਘਟ ਇਕੋ ਈ ਜਵਾਨ ਕਹਿੰਦਾ ਪੈਂਦੀ ਨਹੀਂ ਬਾਰੀ ਔਂਦੇ ਗਾਹਕ ਹਜਾਰ ਜੀ। ਅਦਾਲਤ ਬਜਾਰ ਜੋਧ ਸਿੰਘ ਦੀ ਦੁਕਾਨ ਪੁਛੋ ਅਮਰ ਕਰਹਾਲੀ ਦਾ ਸੁਣਾਵੇ ਕਰਤਾਰ ਜੀ॥

ਇਤੀ ਸੰਪੂਰਣ॥

ਮਹੀਨਾ ਪੋਹ ੧੨ ਪੋਹ ਵਦੀ ਸੱਤਮੀ ੧ ਜਨਵਰੀ ਦਿਨ ਬੀਰਵਾਰ
ਦਸਖਤ ਕਰਤਾਰ ਸਿੰਘ ਕਵੀਸ਼ਰ ਘਰਾਂਚੋਂ ਨਿਵਾਸੀ॥
ਦਸਖਤ ਜੋਰਾ ਰਾਮ ਮਾਲਾ ਨਿਵਾਸੀ॥ ਦਸਖਤ ਅਮਰ ਕਰਹਾਲੀ ਨਿਵਾਸੀ॥
ਦਸਖਤ ਕਵੀ ਰਾਜ ਅਰਜਨ ਸਿੰਘ ਬਖਸ਼ੀ ਵਾਲਾ॥

ਪ੍ਰਿੰਟਰ : ਕਸ਼ਮੀਰਾ ਸਿੰਘ, ਕਸ਼ਮੀਰ ਪ੍ਰਿੰਟਿੰਗ ਪ੍ਰੈਸ, ਬਜ਼ਾਰ ਸੋਢੀਆਂ, ਅੰਮ੍ਰਿਤਸਰ

Digitized by Panjab Digital Library | www.panjabdigilib.org

## ਸੁਤੇ ਭਾਗ ਜਗਾ ਲਓ

### ਹੁਣ ਤੇ ਕਿਸਮਤ ਦਾ ਕੜਛਾ ਤੁਹਾਡੇ ਆਪਣੇ ਹੱਥਾਂ ਵਿਚ ਹੀ ਹੈ

### ਉਦਮ ਅਗੇ ਲੱਛਮੀ ਪੱਖੇ ਅਗੇ ਪਉਣ

# ਮਿਟੀ ਤੋਂ ਸੋਨਾ

ਬਣਾਉਣ ਲਈ ਅਜ ਹੀ ਖੇਤੀ ਬਾੜੀ ਤੇ ਬਾਗਬਾਨੀ ਗਾਈਡ ਮੰਗਾ ਕੇ ਪੜ੍ਹੋ, ਜਿਸ ਵਿਚੋਂ ਆਪ ਨੂੰ ਪਤਾ ਲਗੇਗਾ ਕਿ ਸਾਡੀ ਧਰਤੀ ਮਾਤਾ ਦੀ ਹਿਕ ਵਿਚ ਦੌਲਤ ਦੇ ਅਨਗਿਨਤ ਖਜ਼ਾਨੇ ਦੱਬੇ ਪਏ ਹਨ, ਪਰ ਧਰਤੀ ਮਾਤਾ ਆਪਣਾ ਖਜ਼ਾਨਾ ਓਸੇ ਨੂੰ ਦਿੰਦੀ ਹੈ ਜੋ ਤਨ ਮਨ ਤੇ ਸੂਝ ਬੂਝ ਨਾਲ ਮਾਤਾ ਦੀ ਸੇਵਾ ਕਰੇ–"ਦੱਬ ਕੇ ਵਾਹ ਰੱਜ ਕੇ ਖਾਹ" "ਕਰ ਸੇਵਾ ਤੇ ਖਾਹ ਮੇਵਾ" ਸੂਝ ਬੂਝ ਦਸਨ ਲਈ ਇਹ ਪੁਸਤਕ ਤੁਹਾਨੂੰ ਰੋਸ਼ਨ ਮੁਨਾਰੇ ਦਾ ਕੰਮ ਦੇਵੇਗੀ । ਇਸ ਵਿਚੋਂ ਤੁਹਾਨੂੰ ਧਰਤੀ ਦੀਆਂ ਕਿਸਮਾਂ, ਹਰ ਤਰ੍ਹਾਂ ਦੀਆਂ ਖਾਦਾਂ ਦਾ ਵਰਨਨ, ਥੋੜੀ ਜ਼ਮੀਨ ਵਿਚੋਂ ਬਹੁਤਾ ਅਨਾਜ ਪੈਦਾ ਕਰਨ ਦੇ ਤਰੀਕੇ, ਅਤੇ ਜਪਾਨੀ ਢੰਗ ਨਾਲ ਵੀ ਸਮਝਾਇਆ ਗਿਆ ਹੈ ਕਿ ਉਹ ਇਕ ਇਕ ਸਾਲ ਵਿਚ ਕਈ ਫਸਲਾਂ ਜ਼ਮੀਨ ਚੋ ਲੈਂਦੇ ਹਨ। ਕਣਕ, ਛੋਲੇ ਚਾਵਲ, ਕਪਾਹ, ਮਕੀ ਆਦਿ ਤੇ ਸਬਜੀਆਂ ਭਾਜੀਆਂ ਗੋਭੀ, ਸ਼ਲਗਮ ਮੂਲੀ ਗਾਜਰ, ਲਸਨ, ਗੰਢੇ, ਟਮਟਰ, ਕਰੇਲਾ, ਵਤਾਉਂ, ਭਿੰਡੀ ਤੋਰੀ, ਮਟਰ, ਪੇਠਾ, ਖਖੜੀ ਖਰਬੂਜ਼ਾ ਆਦਿ ਸਬਜ਼ੀਆਂ ਦਾ ਖੋਲ੍ਹ ਕੇ ਵਰਨਨ ਕੀਤਾ ਹੈ ਤੇ ਹਰ ਤਰ੍ਹਾਂ ਦੇ ਬਾਗ ਲਗਾਉਣ ਦੇ ਮੁਤੱਲਕ ਪੂਰੀ ਪੂਰੀ ਵਾਕਫੀਅਤ ਦਿਤੀ ਗਈ ਹੈ। ਤੇ ਗੁੜ, ਗੰਨਾ ਆਦਿ ਬੀਜਨ ਦਾ ਢਂਗ, ਪਾਣੀ ਦੇਣ ਦਾ ਤਰੀਕਾ, ਬੀਜਣ ਦ ਸਮਾਂ ਹਰਤਰ੍ਹਾਂ ਦੇ ਕੀੜੇ ਮਕੌੜੇ ਤੋਂ ਫਸਲ ਦੀ ਸੰਭਾਲ ਅਤੇ ਅਨਾਜ ਦੀ ਸੁਸਰੀ ਢੋਰੇ ਤੋਂ ਰਖਿਆ ਕਰਨੀ ਅਤੇ ਨਵੇਂ ਮਸ਼ੀਨੀ ਢੰਗ ਟਰੈਕਟਰ ਟਿਊਬ ਵੈਲ ਦੀ ਭੀ ਵਾਕਫੀਅਤ ਦਿਤੀ ਗਈ ਹੈ, ਲਿਖਾਰੀ ਨੇ ਪੂਰੀ ਪੂਰੀ ਕੋਸ਼ਿਸ਼ ਕੀਤੀ ਹੈ ਕਿ ਜ਼ਿਮੀਂਦਾਰ ਭਰਾ ਪੁਸਤਕ ਨੂੰ ਪੜ੍ਹਕੇ ਚੜ੍ਹਦੀਆਂ ਕਲਾਂ ਵਿਚ ਜਾਣ ਤੇ ਵਧ ਤੋਂ ਵਧ ਅੰਨ ਪੈਦਾ ਕਰਕੇ ਦੇਸ਼ ਦੀ ਸ਼ਾਨ ਵਧਾਣ। ਪੁਸਤਕ ਦੀ ਲਿਖਾਈ ਛਪਾਈ ਬਹੁਤ ਸੁੰਦਰ ਹੈ, ਪੁਸਤਕ ਖ਼ਤਮ ਹੋਣ ਵਾਲੀ ਹੈ, ਅਜ ਹੀ ਖ਼ਤ ਭੇਜ ਕੇ ਮੰਗਾ ਲਵੋ। ਕੀਮਤ ਡਾਕ ਖ਼ਰਚ ਸਮੇਤ ੨॥) ਦੋ ਰੁਪੈ ਅਠ ਆਨੇ।

– ਮੰਗਾਉਣ ਦਾ ਪਤਾ –

## ਭਾਈ ਜੋਧ ਸਿੰਘ ਕਰਮਜੀਤ ਸਿੰਘ

ਪੁਸਤਕਾਂ ਵਾਲੇ

### ਅਦਾਲਤ ਬਜ਼ਾਰ, ਪਟਿਆਲਾ


Digitized by Panjab Digital Library | www.panjabdigilib.org

Digitized by Panjab Digital Library | www.panjabdigilib.org



ਪ੍ਰਸਿਧ ਕਵੀਸ਼ਰ ਕਰਤਾਰ ਸਿੰਘ ਘਰਾਂਚੋ ਨਿਵਾਸੀ

# ਦਸ ਰੁਪਏ ਰੋਜ਼ ਕਮਾਓ

# ਦੌਲਤ ਭੰਡਾਰ

ਇਕ ਵਡੇ ਤਜਰਬੇਕਾਰ ਨੂੰ
ਕਾਫ਼ੀ ਰਕਮ ਦੇ ਕੇ
ਲਿਖਵਾਈ ਗਈ ਹੈ

ਪੰਜ ਦਸ ਰੁਪੈ ਖਰਚ ਕਰਕੇ ਹੀ ਦਿਨਾਂ ਵਿਚ ਅਮੀਰ ਬਣ ਜਾਵੋ ਅਤੇ ਬਿਨ ਕਿਸੇ ਦੀ ਨੌਕਰੀ ਤੋਂ ਹੀ ਘਰ ਵਿਚ ਆਰਾਮ ਨਾਲ ਬੈਠੇ ਸਾਡੀ ਕਿਤਾਬ 'ਦੌਲਤ ਭੰਡਾਰ' ਰੁਪਏ ਕਮਾਉਣ ਦੀ ਮਸ਼ੀਨ ਨੂੰ ਪੜ੍ਹਕੇ ਕੋਈ ਵੀ ਕੰਮ ਸ਼ੁਰੂ ਕਰ ਦਿਓ ਕਾਮਯਾਬੀ ਤੁਹਾਡੇ ਕਦਮ ਚੁੰਮੇਗੀ ਤੇ ਤੁਸੀਂ ਦਿਨਾਂ ਵਿਚ ਹੀ ਕਾਫੀ ਲਾਭ ਉਠਾਵੋਗੇ ਤੇ ਬੇਰੋਜਗਾਰੀ ਤੋਂ ਬਚ ਜਾਵੋਗੇ। ਇਹ ਕਿਤਾਬ ਬੜੀ ਮੇਹਨਤ ਨਾਲ ਤਿਆਰ ਕਰਵਾਈ ਗਈ ਹੈ ਇਸ ਵਿਚ ਸੈਂਕੜੇ ਤਰ੍ਹਾਂ ਦੀਆਂ ਚੀਜ਼ਾਂ ਬਨਾਉਣ ਦੇ ਤਰੀਕੇ ਦਰਜ਼ ਹਨ ਜਿਨ੍ਹਾਂ ਵਿਚੋਂ ਕੁਝ ਕੁ ਨਮੂਨੇ ਮਾਤਰ ਦਸੇ ਜਾਂਦੇ ਹਨ। ਹਰ ਤਰ੍ਹਾਂ ਦਾ ਸਾਬਣ ਬਨਾਣਾ ਅਤੇ ਹਰ ਤਰ੍ਹਾਂ ਦੇ ਤੇਲ ਲਵਿੰਡਰ ਤੇ ਧੂਪ ਬਨਾਣਾ, ਕਰੀਮ, ਪੌਡਰ ਤੇ ਨੌਂਹ ਪਾਲਸ਼, ਕਰੀਮ ਸਨੋ, ਬਿਸਕੁਟ, ਮਠਿਆਈਆਂ, ਅਚਾਰ ਚਟਨੀਆਂ ਮੁਰੱਬੇ, ਮੋਮ ਬਤੀਆਂ ਬਨਾਣਾ, ਟੁਟੀਆਂ ਚੀਜ਼ਾਂ ਜੋੜਨਾ, ਹਰ ਤਰ੍ਹਾਂ ਦੀਆਂ ਸਿਆਹੀਆਂ ਕਪੜਿਆਂ ਤੋਂ ਦਾਗ ਦੂਰ ਕਰਨੇ, ਅਰਕ ਤੇ ਸ਼ਰਬਤ, ਬੂਟ ਪਾਲਿਸ਼, ਅਜਮਾਇਸ਼ੀ ਨੁਸਖੇ ਹਬ ਨਾਟਕਾਂ, ਹਰ ਰੋਜ਼ ਕੰਮ ਆਉਣ ਵਾਲੇ ਟੋਟਕੇ ਗਲ ਕੀ ਇਹੋ ਜੇਹੀ ਕਿਤਾਬ ਕਦੇ ਆਪ ਦੀ ਨਜ਼ਰ ਵਿਚ ਘਟ ਹੀ ਆਈ ਹੋਣੀ ਹੈ। ਕੀਮਤ ਬਹੁਤ ਹੀ ਥੋੜੀ ਰਖੀ ਗਈ ਹੈ। ਡਾਕ ਖਰਚ ਸਮੇਤ ਸਿਰਫ਼ ੨)

ਪੁਸਤਕ ਖਤਮ ਹੋਣ ਵਾਲੀ ਹੈ ਅਜ ਹੀ ਖ਼ਤ ਭੇਜ ਕੇ ਮੰਗਵਾ ਲਵੋ !

ਮਿਲਣ ਦਾ ਪਤਾ –

## ਭਾਈ ਜੋਧ ਸਿੰਘ ਕਰਮਜੀਤ ਸਿੰਘ

**ਪੁਸਤਕਾਂ ਵਾਲੇ, ਅਦਾਲਤ ਬਜ਼ਾਰ, ਪਟਿਆਲਾ**


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-1327

Digitized by Panjab Digital Library | www.panjabdigilib.org

Digitized by Panjab Digital Library | www.panjabdigilib.org